# ਜਾਣ-ਪਛਾਣ

## ਯਰੂਸ਼ਲਮ ਅਤੇ ਉਸ ਤੋਂ ਪਾਰ

ਮਸੀਹ ਦੇ ਜੀ ਉੱਠਣ ਤੋਂ ਬਾਅਦ ਪਹਿਲੇ ਵਰ੍ਹੇ ਦਰਮਿਆਨ ਹੀ ਯਰੂਸ਼ਲਮ ਅਜਿਹਾ ਕੇਂਦਰ ਬਣ ਗਿਆ ਜਿੱਥੋਂ ਇੰਜੀਲ ਚੁਫੇਰੇ ਦੇ ਇਲਾਕਿਆਂ ਵਿੱਚ ਫੈਲੀ। ਯਰੂਸ਼ਲਮ ਤੋਂ ਕੁਰਿੰਥੁਸ ਅਤੇ ਅਫ਼ਸੁਸ ਵਰਗੇ ਰੋਮ ਦੇ ਸਨਅਤੀ ਅਤੇ ਪ੍ਰਬੰਧਕੀ ਕੇਂਦਰਾਂ ਤੱਕ ਕਲੀਸਿਯਾ ਵਿਸਤਾਰ ਦੀ ਇਤਹਾਸਕ ਪ੍ਰਕਿਰਿਆ ਆਪਣੇ ਆਪ ਵਿੱਚ ਬੜੀ ਦਿਲਚਸਪ ਹੈ। ਪਰ ਇਤਹਾਸ ਵਿੱਚ ਸਿਰਫ ਦਿਲਚਸਪੀ ਦੀ ਬਜਾਇ ਇਹ ਲੋਕਾਂ ਨੂੰ ਨਵਾਂ ਨੇਮ ਪੜ੍ਹਣ ਲਈ ਪ੍ਰੇਰਿਤ ਕਰਦੀ ਹੈ। ਜਿਹੜੇ ਲੋਕ ਸਮਿਆਂ ਦੀ ਜਾਣਕਾਰੀ ਰੱਖਦੇ ਹਨ, ਉਹ ਜਾਣਦੇ ਹਨ ਕਿ ਇਸ ਦੇ ਸੁਨੇਹੇ ਦਾ ਅਰੰਭ ਪਹਿਲੀ ਸਦੀ ਦੇ ਸੰਸਾਰ ਉੱਤੇ ਮਸੀਹ ਦਿਆਂ ਉਪਦੇਸ਼ਾਂ ਦੇ ਪ੍ਰਭਾਵ ਤੋਂ ਹੁੰਦਾ ਹੈ। ਪੌਲੁਸ ਦੁਆਰਾ ਕੁਰਿੰਥੀਆਂ ਨੂੰ ਲਿਖਿਆ ਗਿਆ ਪਹਿਲਾ ਪੱਤਰ – ਬਾਈਬਲ ਦਿਆਂ ਹੋਰਨਾਂ ਦਸਤਾਵੇਜ਼ਾਂ ਵਾਂਗ – ਸੰਸਾਰ ਭਰ ਦੇ ਮਿਸ਼ਨ ਦੇ ਸੰਦਰਭ ਵਿੱਚ ਢੁਕਵਾਂ ਬੈਠਦਾ ਹੈ। ਯਰੂਸ਼ਲਮ ਵਿੱਚੋਂ ਇੰਜੀਲ ਨੂੰ ਫੈਲਦਿਆਂ ਵੇਖਣਾ ਅਜਿਹਾ ਜਾਪਦਾ ਹੈ ਜਿਵੇਂ ਪਾਣੀ ਵਿੱਚ ਪੱਥਰ ਮਾਰਿਆਂ ਘੇਰੇ ਬਾਹਰ ਨੂੰ ਜਾਂਦੇ ਹਨ।

ਯਹੂਦਿਯਾ ਵਿੱਚ ਰਹਿਣ ਵਾਲੇ ਅਰੰਭਕ ਮਸੀਹੀ ਮੁਢਲੇ ਤੌਰ ’ਤੇ ਪੈਲੇਸਟਾਈਨ ਦੇ ਸਥਾਨਕ ਯਹੂਦੀ ਸਨ। ਜ਼ਿਆਦਾਤਰ ਅਰੰਭਕ ਯਹੂਦੀ ਮਸੀਹੀਆਂ ਕੋਲ ਨਾ ਤਾਂ ਆਰਥਿਕ ਤਾਕਤ ਸੀ ਅਤੇ ਨਾ ਹੀ ਰਾਜਨੈਤਿਕ ਤਾਕਤ। ਅਧਿਕਾਰਿਕ, ਪ੍ਰਦੇਸ਼ਿਕ ਯਹੂਦੀ ਮਤ ਅਤੇ ਧਾਰਮਿਕ ਆਗੂਆਂ ਨੇ ਮਸੀਹੀਆਂ ਦੇ ਵਿਸ਼ਵਾਸ ਅਤੇ ਨਵੇਂ ਵਿਚਾਰਾਂ ਦਾ ਵਿਰੋਧ ਕੀਤਾ।

ਸੀਮਿਤ ਸੰਸਾਧਨਾਂ ਵਾਲੇ ਸਥਾਨਕ ਯਹੂਦੀਆਂ ਤੋਂ ਬਾਅਦ ਨਵਜੰਮੀ ਕਲੀਸਿਯਾ ਦੇ ਬਾਹਰ ਨੂੰ ਜਾਂਦਿਆਂ ਘੇਰਿਆਂ ਦੀ ਦੂਜੀ ਲਹਿਰ ਯਹੂਦੀਆਂ ਦੇ ਉਸ ਸਮਾਜ ਵਿੱਚੋਂ ਆਈ ਜਿਹੜੇ ਯਰੂਸ਼ਲਮ ਵਿੱਚ ਨਵੇਂ ਸਨ ਅਤੇ ਬਦਲਾਓ ਨੂੰ ਸਵੀਕਾਰ ਕਰਨ ਲਈ ਵਧੇਰੇ ਇੱਛੁਕ ਸਨ। ਰਸੂਲਾਂ ਦੇ ਕਰਤੱਬ ਦੀ ਪੁਸਤਕ ਉਨ੍ਹਾਂ ਨੂੰ “ਯੂਨਾਨੀ-ਯਹੂਦੀ” ਆਖਦੀ ਹੈ (ਰਸੂਲਾਂ ਦੇ ਕਰਤੱਬ 6:1)। ਉਨ੍ਹਾਂ ਦੀ ਮਾਂ-ਬੋਲੀ ਯੂਨਾਨੀ ਸੀ, ਅਤੇ ਯਰੂਸ਼ਲਮ ਦੇ ਪੁਰਾਣੇ ਵਸਨੀਕਾਂ ਵਾਂਗ ਇਬਰਾਨੀ ਜਾਂ ਅਰਾਮੀ ਨਹੀਂ ਸੀ।

ਜ਼ਿਆਦਾਤਰ, ਜਾਂ ਫਿਰ ਸ਼ਾਇਦ ਸਾਰੇ ਯੂਨਾਨੀ-ਯਹੂਦੀ ਰੋਮੀ ਸੰਸਾਰ ਦੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਰਹਿੰਦੇ ਸਨ। ਉਨ੍ਹਾਂ ਵਿੱਚੋਂ ਕੁਝ ਗੁਲਾਮ ਵੀ ਰਹੇ ਸਨ। ਯਹੂਦਿਯਾ ਤੋਂ ਦੂਰ ਜਾ ਕੇ ਉਨ੍ਹਾਂ ਨੇ ਅਜ਼ਾਦੀ ਹਾਸਿਲ ਕਰ ਲਈ ਸੀ; ਪਰ ਉਨ੍ਹਾਂ ਦੀ ਇਸ ਅਜ਼ਾਦੀ ਦਾ ਦਰਜਾ ਅਨਿਸ਼ਚਿਤ ਰਿਹਾ ਸੀ। ਗੁਲਾਮਾਂ ਦੇ ਮਾਲਕ ਆਰਥਿਕ ਭਾਰ ਤੋਂ ਬਚਣ ਲਈ ਕਦੇ-ਕਦੇ ਗੁਲਾਮਾਂ ਨੂੰ ਆਪ ਹੀ ਅਜ਼ਾਦ ਕਰ ਦਿੰਦੇ ਹੁੰਦੇ ਸਨ। ਅਜਿਹੇ ਅਜ਼ਾਦ ਹੋਏ ਯਹੂਦੀ ਗੁਲਾਮ ਆਪਣੀਆਂ ਜੜ੍ਹਾਂ ਦੀ ਭਾਲ ਨਹੀਂ ਕਰ ਸਕਦੇ ਸਨ, ਅਤੇ ਉਨ੍ਹਾਂ ਦਾ ਕੋਈ ਪਰਿਵਾਰ ਨਹੀਂ ਹੁੰਦਾ ਸੀ ਜਿਸ ਨੂੰ ਉਹ ਆਪਣਾ ਆਖ ਸਕਣ। ਯਹੂਦਿਯਾ ਵਿੱਚ ਰਹਿਣ ਵਾਲੇ ਯਹੂਦੀ

ਆਪਣੇ ਅਜਿਹੇ ਦੇਸਵਾਸੀਆਂ ਨਾਲ ਹਮਦਰਦੀ ਰੱਖਦੇ ਸਨ ਜਿਨ੍ਹਾਂ ਦਾ ਆਪਣਾ ਕੋਈ ਟਿਕਾਣਾ ਨਹੀਂ ਹੁੰਦਾ ਸੀ। ਉਹ ਦੂਰ-ਦੁਰਾਡੇ ਵਿੱਚ ਰਹਿਣ ਵਾਲੇ ਆਪਣੇ ਰਿਸ਼ਤੇਦਾਰਾਂ ਨੂੰ "ਡਾਯਾਸਪੋਰਾ" ਆਖਦੇ ਸਨ, ਜਿਸ ਦਾ ਅਰਥ ਹੈ "ਖਿੰਡੇ ਹੋਏ।"[1] ਸਾਂਝੇ ਧਾਰਮਿਕ ਵਿਰਸੇ ਸਦਕਾ ਸ਼ਾਇਦ ਕਨਾਨ ਦੇ ਯਹੂਦੀਆਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਉਭਾਰਿਆ ਹੋਵੇਗਾ ਕਿ ਉਹ ਆਪਣੇ ਵਤਨ ਵਾਪਿਸ ਆ ਜਾਣ। ਜਿਵੇਂ ਕਿ ਆਧੁਨਿਕ ਯਹੂਦੀਆਂ ਨੇ ਕੀਤਾ ਹੈ, ਉਵੇਂ ਹੀ ਰੋਮੀ ਸੰਸਾਰ ਵਿੱਚ ਰਹਿੰਦੇ ਯਹੂਦੀਆਂ ਨੇ ਇਨ੍ਹਾਂ ਖਿੰਡੇ ਹੋਏ ਯਹੂਦੀਆਂ ਨੂੰ ਕਨਾਨ ਵਿੱਚ ਮੁੜ ਵਸਾਉਣ ਲਈ ਆਰਥਿਕ ਅਤੇ ਹੋਰ ਮਦਦ ਕੀਤੀ ਹੋਵੇਗੀ। ਮਨਜ਼ੂਰੀ ਅਤੇ ਪਰਵਾਨਗੀ ਪ੍ਰਾਪਤ ਕਰਨ ਦੀ ਆਸ ਵਿੱਚ ਡਾਯਾਸਪੋਰਾ ਦੇ ਅਨੇਕ ਯਹੂਦੀ ਯਹੂਦਿਯਾ ਵੱਲ ਨੂੰ ਤੁਰ ਪਏ; ਪਰ ਉਨ੍ਹਾਂ ਨੂੰ ਸਥਾਨਕ ਮਹਿਸੂਸ ਕਰਨ ਲਈ ਮੁੜ ਵਸਾਏ ਜਾਣ ਨਾਲੋਂ ਕੁਝ ਵਧੇਰੇ ਦੀ ਲੋੜ ਸੀ। ਭਾਸ਼ਾ ਅਤੇ ਰੀਤੀ-ਰਿਵਾਜ਼ਾਂ ਨੇ ਉਨ੍ਹਾਂ ਨੂੰ ਸਥਾਨਕ ਅਬਾਦੀ ਤੋਂ ਵੱਖਰਾ ਕਰ ਦਿੱਤਾ। ਯੂਨਾਨੀ-ਭਾਸ਼ੀ ਯਹੂਦੀਆਂ ਨੇ ਵੇਖਿਆ ਕਿ ਉਹ ਸਥਾਨਕ ਲੋਕਾਂ ਦਾ ਇੱਕ ਹਿੱਸਾ ਨਹੀਂ ਬਣ ਪਾ ਰਹੇ ਹਨ – ਇੱਥੋਂ ਤੱਕ ਕਿ ਇਸਰਾਏਲ ਵਿੱਚ ਵੀ ਨਹੀਂ, ਉਨ੍ਹਾਂ ਦੇ ਦਰਮਿਆਨ ਜਿਨ੍ਹਾਂ ਦੀ ਨਿਹਚਾ ਉਨ੍ਹਾਂ ਵਾਂਗ ਇੱਕੋ ਪਰਮੇਸ਼ੁਰ ਵਿੱਚ ਸੀ। ਯੂਨਾਨੀ-ਯਹੂਦੀ ਆਪਣੇ ਵਰਗੇ ਲੋਕਾਂ ਦੀ ਭਾਲ ਕਰਨ ਲੱਗੇ। ਉਨ੍ਹਾਂ ਨੇ ਆਪਣੇ ਵੱਖਰੇ ਯਹੂਦੀ-ਸਭਾਘਰ ਬਣਾ ਲਏ ਅਤੇ ਆਪਣੇ ਵਰਗੇ ਲੋਕਾਂ ਦੇ ਗੁਆਂਢ ਵਿੱਚ ਵੱਸ ਗਏ।

ਜਦ ਯਹੂਦਿਆ ਦੇ ਵਸਨੀਕਾਂ ਦੁਆਰਾ ਮਸੀਹ ਦੇ ਸੁਨੇਹੇ ਦਾ ਪ੍ਰਚਾਰ ਕੀਤਾ ਜਾਣ ਲੱਗਾ, ਤਾਂ ਅਨੇਕਾਂ ਯੂਨਾਨੀ-ਯਹੂਦੀਆਂ ਨੇ ਇਸ ਗਵਾਹੀ ਨੂੰ ਸਵੀਕਾਰ ਕਰ ਲਿਆ ਕਿ ਯਿਸੂ ਹੀ ਮਸੀਹ ਹੈ, ਮ੍ਰਿਤਕਾਂ ਵਿੱਚੋਂ ਜੀ ਉੱਠਿਆ ਹੈ, ਅਤੇ ਪਰਮੇਸ਼ੁਰ ਦੇ ਸੱਜੇ ਹੱਥ ਬਿਰਾਜਮਾਨ ਹੈ। ਇਨ੍ਹਾਂ ਦੇ ਲਈ ਮਸੀਹੀ ਬਣਨਾ ਆਪਣੇ ਉਨ੍ਹਾਂ ਦੇਸਵਾਸੀਆਂ ਨਾਲੋਂ ਸੌਖਾ ਸੀ ਜਿਹੜੇ ਆਪਣਿਆਂ ਰੀਤੀ-ਰਿਵਾਜ਼ਾਂ ਦੀ ਪਾਲਣਾ ਬੜੀ ਡੂੰਘਿਆਈ ਨਾਲ ਕਰਦੇ ਸਨ। ਪੰਤੇਕੁਸਤ ਦੇ ਦਿਨ ਦੇ ਪਹਿਲੇ ਪ੍ਰਚਾਰ ਤੋਂ ਕੁਝ ਵਰ੍ਹਿਆਂ ਦੇ ਦਰਮਿਆਨ ਹੀ ਕਲੀਸਿਯਾ ਵਿੱਚ ਯੂਨਾਨੀ-ਯਹੂਦੀਆਂ ਦੀ ਗਿਣਤੀ ਬਹੁਤ ਵਧ ਗਈ। ਉਨ੍ਹਾਂ ਨੇ ਯਹੂਦਿਯਾ ਵਿੱਚ ਦੂਜੇ ਦਰਜੇ ਦੇ ਵਸਨੀਕ ਅਖਵਾਉਣਾ ਸਵੀਕਾਰ ਕਰ ਲਿਆ ਸੀ; ਪਰ ਮਸੀਹੀਆਂ ਵਿੱਚ ਉਹ ਬਰਾਬਰੀ ਦੇ ਵਿਹਾਰ ਦੀ ਉਮੀਦ ਕਰ ਰਹੇ ਸਨ। ਇਸ ਵਿੱਚ ਕੋਈ ਹੈਰਾਨੀ ਨਹੀਂ ਹੁੰਦੀ ਕਿ ਕਲੀਸਿਯਾ ਦੁਆਰਾ ਉਨ੍ਹਾਂ ਦੀਆਂ ਵਿਧਵਾਵਾਂ ਦੀ ਅਣਗਹਿਲੀ ਕੀਤੇ ਜਾਣ 'ਤੇ ਉਨ੍ਹਾਂ ਨੇ ਸ਼ਿਕਾਇਤ ਕੀਤੀ ਸੀ। ਕਲੀਸਿਯਾ ਨੇ ਉਨ੍ਹਾਂ ਦੀ ਸ਼ਿਕਾਇਤ ਨੂੰ ਸੁਣਿਆ। ਨਤੀਜੇ ਵਜੋਂ ਇਸ ਅਣਗਹਿਲੀ ਨੂੰ ਸੁਧਾਰਨ ਲਈ ਉਨ੍ਹਾਂ ਦਿਆਂ ਲੋਕਾਂ ਵਿੱਚੋਂ ਹੀ ਸੱਤ ਜਣੇ ਨਿਯੁਕਤ ਕਰ ਦਿੱਤੇ ਗਏ (ਰਸੂਲਾਂ ਦੇ ਕਰਤੱਬ 6:5)। ਇਸਤੀਫ਼ਾਨ ਅਤੇ ਫਿਲਿੱਪੁਸ ਆਗੂ ਸਨ, ਜਿਵੇਂ ਕਿ ਰਸੂਲਾਂ ਦੇ ਕਰਤੱਬ 6:8–7:60 ਅਤੇ 8:4–40 ਵਿੱਚ ਵੇਖਿਆ ਜਾ ਸਕਦਾ ਹੈ। ਇਸਤੀਫ਼ਾਨ ਉਨ੍ਹਾਂ ਯਹੂਦੀਆਂ ਦੀ ਘਿਰਣਾ ਦਾ ਨਿਸ਼ਾਨਾ ਬਣ ਗਿਆ ਜਿਹੜੇ ਰਾਜਨੈਤਿਕ ਅਤੇ ਧਾਰਮਿਕ ਆਗੂਆਂ ਵਾਂਗ ਸਥਾਪਿਤ ਸਨ। ਯਿਸੂ ਦੇ ਲਈ ਆਪਣੀ ਸਰਗਰਮੀ ਦੀ ਕੀਮਤ ਉਸ ਨੇ ਆਪਣੀ ਜਾਨ ਦੇ ਕੇ ਚੁਕਾਈ। ਫਿਲਿੱਪੁਸ ਉਨ੍ਹਾਂ ਸ਼ਰਨਾਰਥੀਆਂ ਵਿੱਚ ਸੀ ਜਿਹੜੇ ਇਸਤੀਫਾਨ ਦੀ ਮੌਤ ਤੋਂ ਬਾਅਦ ਭਿਅੰਕਰ ਸਤਾਉ ਦੇ ਕਾਰਣ ਯਰੂਸ਼ਲਮ ਵਿੱਚੋਂ ਨੱਸ ਗਏ ਸਨ। ਉਹ ਉੱਤਰ ਵੱਲ ਨੂੰ ਚਲਿਆ ਗਿਆ ਅਤੇ ਸਾਮਰਿਯਾ ਵਿੱਚ ਮਿਸ਼ਨਰੀ ਬਣ ਗਿਆ। ਮਸੀਹੀਆਂ ਦੀ ਵਧਦੀ ਗਿਣਤੀ ਦਾ ਅਗਲਾ ਫੈਲਦਾ ਘੇਰਾ ਸਾਮਰੀ ਲੋਕਾਂ ਦਾ ਸੀ (ਰਸੂਲਾਂ ਦੇ ਕਰਤੱਬ 8:5–25)।

ਯੂਨਾਨੀ-ਯਹੂਦੀਆਂ ਅਤੇ ਸਾਮਰੀਆਂ ਵੱਲੋਂ ਇੰਜੀਲ ਸਵੀਕਾਰ ਕੀਤੇ ਜਾਣ ਤੋਂ ਬਾਅਦ

ਗੈਰ-ਯਹੂਦੀਆਂ ਵਿੱਚ ਬੜੀ ਤੇਜ਼ੀ ਨਾਲ ਕੰਮ ਹੋਇਆ। ਕੁਰਨੇਲਿਯੁਸ ਦਾ ਮਸੀਹੀ ਬਣਨਾ ਇੱਕ ਉੱਘੀ ਘਟਨਾ ਸੀ (ਰਸੂਲਾਂ ਦੇ ਕਰਤੱਬ 10); ਪਰ ਗੈਰ-ਯਹੂਦੀ ਮਸੀਹਤ ਦਾ ਕੇਂਦਰ ਕੈਸਰਿਯਾ ਨਹੀਂ ਹੋਣਾ ਸੀ, ਜਿੱਥੇ ਆਣ ਕੇ ਕੁਰਨੇਲਿਯੁਸ ਵੱਸਿਆ ਹੋਇਆ ਸੀ। ਹੋਰ ਮਸੀਹੀ ਉੱਤਰ ਅਤੇ ਪੱਛਮ ਵੱਲ ਫੈਨੀਕੇ ਦਿਆਂ ਨਗਰਾਂ ਸੂਰ ਅਤੇ ਸੈਦਾ ਨੂੰ ਅਤੇ ਫਿਰ ਇੱਕ ਮਹੱਤਵਪੂਰਣ ਟਾਪੂ ਕੁਪਰੁਸ ਨੂੰ ਚਲੇ ਗਏ। ਕੁਝ ਹੀ ਸਮੇਂ ਵਿੱਚ ਇੰਜੀਲ ਦਾ ਬੀਜ ਅੰਤਾਕਿਯਾ ਵਿੱਚ ਵੀ ਬੀਜਿਆ ਗਿਆ, ਜਿਹੜਾ ਰੋਮੀ ਸੰਸਾਰ ਦਾ ਇੱਕ ਵਧੀਕ ਅਬਾਦੀ ਵਾਲਾ ਨਗਰ ਸੀ। ਲੂਕਾ ਨੇ ਲਿਖਿਆ ਕਿ “ਪਹਿਲਾਂ ਅੰਤਾਕਿਯਾ ਵਿੱਚ ਚੇਲੇ ਮਸੀਹੀ ਅਖਵਾਏ” (ਰਸੂਲਾਂ ਦੇ ਕਰਤੱਬ 11:26)। ਅੰਤਾਕਿਯਾ ਦੀ ਕਲੀਸਿਯਾ ਦਾ ਅਰੰਭ ਮੁੱਢਲੇ ਤੌਰ ’ਤੇ ਗੈਰ-ਯਹੂਦੀ ਮੰਡਲੀ ਨਾਲ ਹੋਇਆ ਸੀ। ਅੰਤਾਕਿਯਾ ਤੋਂ ਇੰਜੀਲ ਦਾ ਫੈਲਾਉ ਅਜਿਹਿਆਂ ਖੇਤਰਾਂ ਵਿੱਚ ਹੋਇਆ ਜਿਸ ਬਾਰੇ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ। ਪੌਲੁਸ ਦੀਆਂ ਮਿਸ਼ਨਰੀ ਯਾਤਰਾਵਾਂ ਦਾ ਅਰੰਭ ਇਸੇ ਨਗਰ ਤੋਂ ਹੋਣਾ ਸੀ।

ਅਕਸਰ ਅਜਿਹਾ ਹੁੰਦਾ ਹੈ ਕਿ ਤੇਜ਼ੀ ਨਾਲ ਹੋਣ ਵਾਲੇ ਬਦਲਾਉ ਅਤੇ ਵਾਧਾ ਵਿਵਾਦ ਵੀ ਲੈ ਕੇ ਆਉਂਦੇ ਹਨ। ਕਲੀਸਿਯਾ ਵਿੱਚ ਉੱਠਣ ਵਾਲਾ ਪਹਿਲਾ ਵਿਵਾਦ ਇਹ ਸੀ ਕਿ ਮਸੀਹੀ ਹੋਣ ਦਾ ਅਰਥ ਯਹੂਦੀ ਹੋਣਾ ਹੈ ਜਾਂ ਨਹੀਂ। ਵਧੇਰੇ ਰੂੜੀਵਾਦੀ ਯਹੂਦੀ ਮਸੀਹੀ ਜ਼ੋਰ ਦੇ ਰਹੇ ਸਨ ਕਿ ਗੈਰ-ਯਹੂਦੀ ਮਸੀਹੀਆਂ ਨੂੰ ਉਨ੍ਹਾਂ ਯਹੂਦੀ ਪਰੰਪਰਾਵਾਂ ਦੀ ਪਾਲਣਾ ਕਰਨੀ ਪਵੇਗੀ ਜਿਹੜੀਆਂ ਉਨ੍ਹਾਂ ਨੇ ਆਪਣੇ ਪੁਰਖਿਆਂ ਤੋਂ ਪ੍ਰਾਪਤ ਕੀਤੀਆਂ ਸਨ। ਪੌਲੁਸ ਨੇ ਇਸ ਸਿੱਖਿਆ ਨੂੰ ਜ਼ਰਾ ਵੀ ਸਵੀਕਾਰ ਨਹੀਂ ਕੀਤਾ। ਰਸੂਲ ਪੌਲੁਸ ਨੇ ਗਲਾਤੀਆਂ ਨੂੰ ਲਿਖੇ ਆਪਣੇ ਪੱਤਰ ਵਿੱਚ ਆਪਣੀ ਦ੍ਰਿੜ੍ਹਤਾ ਨੂੰ ਲਿਖਿਆ। ਬਰਨਾਬਾਸ ਦੇ ਨਾਲ ਉਹ ਅੰਤਾਕਿਯਾ ਤੋਂ ਯਰੂਸ਼ਲਮ ਨੂੰ ਗਿਆ ਭਈ ਇਸ ਮਸਲੇ ਉੱਤੇ ਖੁੱਲ੍ਹ ਕੇ ਗੱਲ ਕਰੇ (ਰਸੂਲਾਂ ਦੇ ਕਰਤੱਬ 15:1, 2)। ਗੈਰ-ਯਹੂਦੀਆਂ ਲਈ ਨਿਯੁਕਤ ਕੀਤਾ ਗਿਆ ਰਸੂਲ ਯਰੂਸ਼ਲਮ ਦੀ ਕਲੀਸਿਯਾ ਦੇ ਆਗੂਆਂ ਦਾ ਵਿਰੋਧੀ ਨਹੀਂ ਅਖਵਾਉਣਾ ਚਾਹੁੰਦਾ ਸੀ, ਪਰ ਉਹ ਉਦੋਂ ਤੱਕ ਉਡੀਕ ਨਹੀਂ ਕਰ ਸਕਦਾ ਸੀ ਜਦ ਤੱਕ ਹਰ ਕੋਈ ਗੈਰ-ਯਹੂਦੀਆਂ ਵਿੱਚ ਇੰਜੀਲ ਦੇ ਪ੍ਰਚਾਰ ਲਈ ਰਜ਼ਾਮੰਦੀ ਨਾ ਦੇ ਦੇਵੇ।

ਯਰੂਸ਼ਲਮ ਦੀ ਸਭਾ ਤੋਂ ਬਾਅਦ ਸੀਲਾਸ ਅਤੇ ਛੇਤੀ ਹੀ ਨਾਲ ਆਣ ਰਲੇ ਤਿਮੋਥਿਉਸ ਨੂੰ ਨਾਲ ਲੈ ਕੇ (ਰਸੂਲਾਂ ਦੇ ਕਰਤੱਬ 16:1), ਪੌਲੁਸ ਗ੍ਰੀਕੋ-ਰੋਮੀ ਸੰਸਾਰ ਦੇ ਕੇਂਦਰ ਵੱਲ ਨੂੰ ਤੁਰ ਪਿਆ। ਪਵਿੱਤਰ ਆਤਮਾ ਦੀ ਅਗਵਾਈ ਹੇਠ ਉਸ ਨੇ ਉਸ ਇਲਾਕੇ ਦੀ ਯਾਤਰਾ ਕੀਤੀ ਜਿਸ ਨੂੰ ਅੱਜ ਤੁਰਕੀ ਦੇਸ ਆਖਿਆ ਜਾਂਦਾ ਹੈ, ਉਹ ਪੱਛਮ ਵੱਲ ਏਸ਼ੀਆ ਮਾਈਨਰ ਤੱਕ ਗਿਆ, ਅਤੇ ਉੱਥੋਂ ਯੂਰਪ ਦੀ ਯਾਤਰਾ ਅਰੰਭ ਕੀਤੀ (ਰਸੂਲਾਂ ਦੇ ਕਰਤੱਬ 16:10, 11)।

ਇਸ ਦੌਰਾਨ ਪੌਲੁਸ ਅਤੇ ਉਸ ਦੇ ਸਾਥੀਆਂ ਨੇ ਸਾਰੇ ਗ੍ਰੀਸ ਦੇਸ – ਫਿਲਿੱਪੈ, ਥੱਸਲੁਨੀਕੇ, ਬਰਿਯਾ, ਅਥੇਨੇ, ਅਤੇ ਕੁਰਿੰਥੁਸ – ਵਿੱਚ ਚੇਲਿਆਂ ਦੀ ਇੱਕ ਫੌਜ ਤਿਆਰ ਕਰ ਦਿੱਤੀ। ਰਸੂਲ ਪੌਲੁਸ ਨੇ ਮੁਕਤੀ, ਪਰਮੇਸ਼ੁਰ ਨਾਲ ਮੇਲ, ਅਤੇ ਸਦੀਪਕ ਜੀਵਨ ਦਾ ਸੁਨੇਹਾ ਮੂਰਤੀ-ਪੂਜਕ ਸੰਸਾਰ ਵਿੱਚੋਂ ਨਿਕਲੇ ਇਨ੍ਹਾਂ ਨਵੇਂ ਚੇਲਿਆਂ ਦੇ ਸਪੁਰਦ ਕੀਤਾ। ਪਰਮੇਸ਼ੁਰ ਮਨੁੱਖੀ ਰੂਪ ਵਿੱਚ ਯਿਸੂ ਨਾਸਰੀ ਬਣ ਕੇ ਪਰਗਟ ਹੋਇਆ ਸੀ। ਯਹੂਦੀ ਆਗੂਆਂ ਨਾਲ ਰਲੀ ਹੋਈ ਰੋਮੀ ਸਰਕਾਰ ਵੱਲੋਂ ਸਲੀਬੀ ਮੌਤ ਦਿੱਤੇ ਜਾਣ ਤੋਂ ਬਾਅਦ ਯਿਸੂ ਨੂੰ ਪਰਮੇਸ਼ੁਰ ਨੇ ਮ੍ਰਿਤਕਾਂ ਵਿੱਚੋਂ ਜੀਉਂਦਾ ਕੀਤਾ। ਉਸ ਦੀ ਮੌਤ ਮਨੁੱਖਜਾਤੀ ਦੇ ਨਿਸਤਾਰੇ ਲਈ ਪਰਮੇਸ਼ੁਰ ਦੀ ਯੋਜਨਾ ਅਨੁਸਾਰ ਹੋਈ ਸੀ। ਮੁਕਤੀ ਹੋਰ ਕਿਸੇ ਦੇ ਰਾਹੀਂ ਹੈ ਹੀ ਨਹੀਂ ਸੀ (ਰਸੂਲਾਂ ਦੇ

ਕਰਤੱਬ 4:12)। ਮੁਕਤੀ ਪ੍ਰਾਪਤ ਲੋਕਾਂ ਦਾ ਸਮੂਹ ਕਲੀਸਿਯਾ ਅਖਵਾਉਂਦਾ ਹੈ। ਮਸੀਹੀ ਹੋ ਜਾਣ ਦਾ ਅਰਥ ਇਹ ਸੀ ਕਿ ਉਸ ਜੀਵਨ ਨੂੰ ਸਵੀਕਾਰ ਕਰ ਲੈਣਾ ਜਿਹੜਾ ਯਿਸੂ ਨੇ ਦਰਸਾਇਆ ਸੀ। ਮਨੁੱਖਾਂ ਦੇ ਲਈ ਮੁਕਤੀ ਦਾ ਪ੍ਰਬੰਧ ਕਰਨ ਤੋਂ ਇਲਾਵਾ ਯਿਸੂ ਆਪਣੀ ਪਰਜਾ ਉੱਤੇ, ਮੁਕਤੀ ਪ੍ਰਾਪਤ ਲੋਕਾਂ ਦੀ ਕਲੀਸਿਯਾ ਉੱਤੇ ਰਾਜ ਕਰਦਾ ਹੈ।

## ਇੰਜੀਲ ਕੁਰਿੰਥੁਸ ਵਿੱਚ ਪੁੱਜੀ

ਕੁਰਿੰਥੁਸ ਅਤੇ ਅਫ਼ਸੁਸ ਵਰਗੇ ਕੇਂਦਰਾਂ ਵਿੱਚੋਂ ਇੰਜੀਲ ਸਾਰੇ ਯੂਨਾਨੀ-ਰੋਮੀ ਸੰਸਾਰ ਵਿੱਚ ਫੈਲ ਰਹੀ ਸੀ। ਪੰਜਵੀਂ ਸਦੀ ਈ. ਪੂ. ਵਿੱਚ ਹੇਰੋਡੋਟੁਸ ਨੇ ਲਿਖਿਆ, "ਕੁਰਿੰਥੁਸ ਇੱਕ ਅਜਿਹਾ ਥਾਂ ਹੈ ਜਿੱਥੇ ਵਿਧੀਆਂ ਦੀ ਅਣਗਿਹਲੀ ਸਭ ਤੋਂ ਘੱਟ ਕੀਤੀ ਜਾਂਦੀ ਹੈ।"[2] ਤਦ ਵੀ ਇਸ ਨਗਰ ਵਿੱਚ ਨਿਰਯਾਤ ਉਦਯੋਗ ਦੀ ਭਰਮਾਰ ਸੀ। ਹੇਰੋਡੋਟੁਸ ਤੋਂ ਪੰਜ ਸੌ ਵਰ੍ਹੇ ਬਾਅਦ, ਨਵੀਨੀਕਰਨ ਪ੍ਰਾਪਤ ਕਰ ਚੁੱਕਾ ਕੁਰਿੰਥੁਸ ਰੋਮੀਆਂ ਦੇ ਲਈ ਇੱਕ ਮਹੱਤਵਪੂਰਣ ਸਨਅਤੀ ਅਤੇ ਪ੍ਰਬੰਧਕੀ ਕੇਂਦਰ ਬਣ ਚੁੱਕਾ ਸੀ। ਕੁਰਿੰਥੁਸ ਅਤੇ ਅਫ਼ਸੁਸ ਨੂੰ ਏਜੀਅਨ ਸਮੁੰਦਰ ਵਿੱਚਕਾਰ ਫੈਲੇ ਟਾਪੂਆਂ ਦੇ ਇੱਕ ਸਮੂਹ ਨੇ ਵੰਡਿਆ ਹੋਇਆ ਸੀ। ਜੇਕਰ ਇਨ੍ਹਾਂ ਟਾਪੂਆਂ ਉੱਤੇ ਕੁਝ ਰਾਤਾਂ ਬਿਤਾਉਂਦਿਆਂ ਹੋਇਆਂ ਕੁਝ ਦਿਨਾਂ ਦਾ ਸਫਰ ਕੀਤਾ ਜਾਵੇ ਤਾਂ ਅਫ਼ਸੁਸ ਦੀ ਬੰਦਰਗਾਹ ਤੋਂ ਲੈ ਕੇ ਕੰਖਰਿਯਾ ਦੀ ਬੰਦਰਗਾਹ ਤੱਕ ਦਾ ਲਗਭਗ ਦੋ ਸੌ ਮੀਲ ਦਾ ਸਫਰ ਤੈਅ ਕੀਤਾ ਜਾ ਸਕਦਾ ਹੈ। ਕੰਖਰਿਯਾ ਤੋਂ ਲਗਭਗ ਚਾਰ ਮੀਲ ਦੀ ਪੈਦਲ ਯਾਤਰਾ ਕਰਕੇ ਕੁਰਿੰਥੁਸ ਦੇ ਨਗਰੀ ਕੇਂਦਰ ਤੱਕ ਪੁੱਜਾ ਜਾ ਸਕਦਾ ਸੀ। ਜਿਵੇਂ ਕਿ 1 ਕੁਰਿੰਥੀਆਂ ਵਿੱਚ ਵੇਖਿਆ ਜਾ ਸਕਦਾ ਹੈ, ਇਨ੍ਹਾਂ ਦੋਹਾਂ ਸਨਅਤੀ ਨਗਰਾਂ ਵਿੱਚ ਗੂੜ੍ਹਾ ਸੰਬੰਧ ਸੀ।

ਸੰਭਵ ਹੈ ਕਿ ਪੌਲੁਸ ਕੁਰਿੰਥੁਸ ਵਿੱਚ ਪਹਿਲੀ ਵਾਰੀ ਈਸਵੀ 49 ਦੇ ਪਤਝੜ ਵੇਲੇ ਆਇਆ ਹੋਵੇਗਾ। ਪੰਤੇਕੁਸਤ ਦੇ ਦਿਨ ਪਤਰਸ ਵੱਲੋਂ ਕੀਤੇ ਗਏ ਪ੍ਰਚਾਰ ਨੂੰ (ਰਸੂਲਾਂ ਦੇ ਕਰਤੱਬ 2) ਲਗਭਗ ਵੀਹ ਵਰ੍ਹੇ ਬੀਤ ਚੁੱਕੇ ਸਨ। ਮਸੀਹਤ ਸੰਸਾਰ ਵਿੱਚ ਸਭ ਤੋਂ ਵਧ ਪ੍ਰਚਲਿਤ ਧਰਮ ਬਣਨ ਜਾ ਰਹੀ ਸੀ। ਇਤਹਾਸਕ ਲੇਖਾਂ ਦੇ ਅਧਾਰ ’ਤੇ ਕੁਰਿੰਥੁਸ ਵਿੱਚ ਪੌਲੁਸ ਦੇ ਹੋਣ ਦੀ ਮਿਤੀ ਨੂੰ ਸਟੀਕਤਾ ਨਾਲ ਮਿੱਥਿਆ ਜਾ ਸਕਦਾ ਹੈ। ਰਸੂਲ ਪੌਲੁਸ ਦੇ ਕੁਰਿੰਥੁਸ ਨੂੰ ਛੱਡ ਕੇ ਜਾਣ ਤੋਂ ਕੁਝ ਚਿਰ ਪਹਿਲਾਂ ਉਸ ਨੂੰ ਅਖਾਯਾ ਦੇ ਰਾਜਪਾਲ ਸਾਹਮਣੇ ਲਿਜਾਇਆ ਗਿਆ ਸੀ, ਜੋ ਉਹ ਇਲਾਕਾ ਸੀ ਜਿਸ ਨੂੰ ਰੋਮ ਨੇ ਗ੍ਰੀਸ ਦੇ ਦੱਖਣੀ ਹਿੱਸੇ ਵਿੱਚੋਂ ਵੱਖਰਾ ਕੀਤਾ ਸੀ। ਉਸ ਵੇਲੇ ਉੱਥੇ ਦਾ ਰਾਜਪਾਲ ਗਾਲੀਓ ਸੀ, ਜੋ ਕਿ ਪ੍ਰੋਕੌਂਸਲ ਵੀ ਅਖਵਾਉਂਦਾ ਸੀ।

ਰੋਮੀ ਰਾਜਪਾਲ ਇੱਕ ਸ਼ਕਤੀਸ਼ਾਲੀ ਵਿਅਕਤੀ ਹੁੰਦਾ ਸੀ, ਜੋ ਆਮਤੌਰ ’ਤੇ ਇੱਕ ਮਹੱਤਵਪੂਰਣ ਰੋਮੀ ਪਰਿਵਾਰ ਵਿੱਚੋਂ ਹੁੰਦਾ ਸੀ। ਉਹ "ਕੌਂਸਲ ਦੇ ਲਈ" ਕੰਮ ਕਰਦਾ ਹੁੰਦਾ ਸੀ। ਰੋਮੀ ਰਿਪਬਲੀਕਨ ਸਮੇਂ ਵਿੱਚ ਕੌਂਸਲ ਨਗਰ ਦਾ ਮੁੱਖ ਪ੍ਰਬੰਧਕੀ ਅਧਿਕਾਰੀ ਹੁੰਦਾ ਸੀ। ਜਦ ਰੋਮ ਦੇਸ ਉੱਤੇ ਸਮਰਾਟਾਂ ਦਾ ਸ਼ਾਸਨ ਹੋਣ ਲੱਗਾ, ਅਰਥਾਤ, ਔਗਸਤੁਸ ਤੋਂ ਲੈ ਕੇ,[3] ਸਮਰਾਟ ਲਗਾਤਾਰ ਆਪਣੇ ਆਪ ਨੂੰ ਕੌਂਸਲ ਚੁਣਦਾ ਹੁੰਦਾ ਸੀ, ਤਾਂ ਜੋ ਇਸ ਧਾਰਣਾ ਨੂੰ ਕਾਇਮ ਰੱਖੇ ਕਿ ਉਹ ਪੁਰਾਤਨ ਰੋਮੀ ਪਰੰਪਰਾਵਾਂ ਦੀ ਪਾਲਣਾ ਕਰਦਾ ਹੈ। ਅਖਾਯਾ ਜਾਂ ਸਮਾਰਾਜ ਦਿਆਂ ਹੋਰਨਾਂ ਨਗਰਾਂ ਵਿੱਚ ਪ੍ਰੋਕੌਂਸਲ ਆਮਤੌਰ ’ਤੇ ਰੋਮ ਵਿਚਲੀ ਸੰਸਦ ਦੁਆਰਾ ਥਾਪਿਆ ਜਾਂਦਾ ਸੀ, ਜਿਸ ਦਾ ਕਾਰਜਕਾਲ ਇੱਕ ਸਾਲ ਦਾ ਹੁੰਦਾ ਸੀ। ਉਸ ਦੇ ਕਾਰਜਕਾਲ

ਦੇ ਦੌਰਾਨ ਉਸ ਦੇ ਕੋਲ ਪ੍ਰਬੰਧਕੀ, ਕੰਨੂਨੀ ਅਤੇ ਨਿਆਂ-ਸੰਬੰਧੀ ਅਧਿਕਾਰ ਹੁੰਦੇ ਸਨ। ਜਦ ਪ੍ਰੋਕੌਂਸਲ ਕੁਝ ਬੋਲਦਾ ਸੀ ਤਾਂ ਉਸ ਨੂੰ ਰੋਮ ਦਾ ਹੁਕਮਨਾਮਾ ਮੰਨਿਆ ਜਾਂਦਾ ਸੀ।

ਗਾਲੀਓ ਅਤੇ ਸਰਗੀਉਸ ਪੌਲੁਸ (ਰਸੂਲਾਂ ਦੇ ਕਰਤੱਬ 13:7; 18:12) ਹੀ ਅਜਿਹੇ ਦੋ ਪ੍ਰੋਕੌਂਸਲ ਹਨ ਜਿਨ੍ਹਾਂ ਦੇ ਨਾਮ ਨਵੇਂ ਨੇਮ ਵਿੱਚ ਦਰਜ ਹਨ। "ਪੌਲੁਸ" ਨਾਮ ਦੀ ਲਿਖਾਵਟ ਵਿੱਚ ਥੋੜੀ ਜਿਹੇ ਬਦਲਾਓ ਦੇ ਨਾਲ ਇਸ ਨੂੰ ਸ਼ਿਲਾ-ਲੇਖਾਂ ਅਤੇ ਸਾਹਿਤਕ ਲੇਖਾਂ ਵਿੱਚ ਵੇਖਿਆ ਜਾ ਸਕਦਾ ਹੈ। ਇਨ੍ਹਾਂ ਵਿੱਚੋਂ ਕਈ ਸ਼ਿਲਾ-ਲੇਖ, ਜਿਨ੍ਹਾਂ ਉੱਤੇ ਉਸ ਦਾ ਨਾਮ ਲਿਖਿਆ ਹੈ, ਦੱਖਣ-ਪੂਰਬੀ ਏਸ਼ੀਆ ਮਾਈਨਰ ਵਿੱਚੋਂ ਮਿਲੇ ਹਨ। ਸਰਗੀਉਸ ਪੌਲੁਸ ਇੱਕ ਸ਼ਕਤੀਸ਼ਾਲੀ ਸ਼ਖਸੀਅਤ ਸੀ, ਜੋ ਆਪਣੇ ਸੰਸਾਰ ਵਿੱਚ ਅੱਤ ਵਧੀਕ ਸਨਮਾਨਿਤ ਵਿਅਕਤੀ ਸੀ; ਪਰ ਪੁਰਾਤਨ ਸੰਸਾਰ ਦਿਆਂ ਲੇਖਾਂ ਵਿੱਚੋਂ ਸਰਗੀਉਸ ਪੌਲੁਸ ਨਾਲੋਂ ਗਾਲੀਓ ਬਾਰੇ ਵਧੇਰੇ ਜਾਣਕਾਰੀ ਮਿਲਦੀ ਹੈ।[4] ਅਖਾਯਾ ਦਾ ਰਾਜਪਾਲ ਸੇਨੇਕਾ ਦਾ ਭਰਾ ਸੀ ਜੋ ਇੱਕ ਮਹਾਨ ਸਟੋਈਕ ਫਿਲਾਸਫਰ ਸੀ, ਜਿਸ ਨੇ ਨੀਰੋ ਦੇ ਸ਼ਾਸਨਕਾਲ ਵੇਲੇ ਥੋੜੇ ਚਿਰ ਲਈ ਸਾਰੇ ਸਾਮਰਾਜ ਨੂੰ ਚਲਾਇਆ ਸੀ (ਈਸਵੀ 54-68)। ਸੇਨੇਕਾ ਦੀਆਂ ਲਿਖਤਾਂ ਵਿੱਚ ਵੀ ਗਾਲੀਓ ਦਾ ਸੰਦਰਭ ਮਿਲਦਾ ਹੈ। ਜਦ ਈਸਵੀ 65 ਵਿੱਚ ਇਸ ਫਿਲਾਸਫਰ ਅਤੇ ਨੀਰੋ ਵਿਚਕਾਰ ਅਣ-ਬਣ ਹੋਈ, ਤਾਂ ਉਸ ਨੂੰ ਅਤੇ ਉਸ ਦੇ ਭਰਾ ਗਾਲੀਓ ਨੂੰ ਆਤਮ ਹੱਤਿਆ ਕਰਨ ’ਤੇ ਮਜਬੂਰ ਕਰ ਦਿੱਤਾ ਗਿਆ।

ਪਹਿਲੀ ਸਦੀ ਵਿੱਚ ਰੋਮੀਆਂ ਦੀ ਇਹ ਇੱਕ ਆਮ ਪ੍ਰਥਾ ਹੁੰਦੀ ਸੀ ਕਿ ਉਹ ਯੂਨਾਨੀ ਸੰਸਾਰ ਵਿੱਚ ਮਹੱਤਵਪੂਰਣ ਪ੍ਰਬੰਧਕੀ ਪਦਵੀਆਂ ਉੱਤੇ ਲੋਕਾਂ ਨੂੰ ਥਾਪੇ ਜਾਣ ਦੇ ਲੇਖੇ ਨੂੰ ਡੇਲਫੀ ਵਿੱਚ ਦਰਜ ਕਰਦੇ ਹੁੰਦੇ ਸਨ, ਜੋ ਕਿ ਯੂਨਾਨੀ-ਯਹੂਦੀ ਸੰਸਾਰ ਵਿੱਚ ਇੱਕ ਪੁਰਾਤਨ ਸਨਮਾਨਿਤ ਅਸਥਾਨ ਸੀ। ਡੇਲਫੀ ਕੁਰਿੰਥੀਅਨ ਖਾੜੀ ਦੇ ਉੱਤਰ ਵਿੱਚ ਸਥਿਤ ਸੀ, ਜੋ ਕੁਰਿੰਥੁਸ ਤੋਂ ਉੱਤਰ-ਪੱਛਮ ਵੱਲ ਲਗਭਗ ਪਚਹੱਤਰ ਮੀਲ ਦੂਰ ਸੀ। 1900 ਦੀ ਸਦੀ ਦੇ ਅਰੰਭ ਵਿੱਚ ਡੇਲਫੀ ਵਿੱਚ ਕੰਮ ਕਰ ਰਹੇ ਪੁਰਾਤੱਤਵ ਸ਼ਾਸਤਰੀਆਂ ਨੂੰ ਸ਼ਿਲਾ-ਲੇਖਾਂ ਦੇ ਕੁਝ ਟੁਕੜੇ ਮਿਲੇ ਸਨ, ਜਿਹੜੇ ਗਾਲੀਓ ਦੇ ਅਖਾਯਾ ਦੇ ਪ੍ਰੋਕੌਂਸਲ ਹੋਣ ਦੀ ਮਿਤੀ ਨੂੰ ਸਮਰਾਟ ਕਲੌਦਿਉਸ ਦੇ ਵੇਲੇ ਮਿੱਥਦੇ ਹਨ (ਈਸਵੀ 41-54)। ਕਿਉਂ ਜੋ ਕੁਰਿੰਥੁਸ ਅਖਾਯਾ ਦੇ ਲਈ ਰੋਮੀ ਪ੍ਰਬੰਧਨ ਦਾ ਕੇਂਦਰ ਸੀ, ਇਸ ਕਰਕੇ ਇਤਹਾਸਕਾਰ ਕੁਰਿੰਥੁਸ ਵਿੱਚ ਗਾਲੀਓ ਦੇ ਰਾਜਪਾਲ ਹੋਣ ਦੀ ਮਿਤੀ ਬਾਰੇ ਸੁਨਿਸ਼ਚਿਤ ਹਨ। ਗਾਲੀਓ ਨੂੰ ਉਸ ਦੇ ਇੱਕ ਸਾਲ ਦੇ ਪ੍ਰੋਕੌਂਸਲ ਪਦ ਲਈ ਈਸਵੀ 51 ਵਿੱਚ ਥਾਪਿਆ ਗਿਆ ਸੀ। ਇਸ ਅਨੁਮਾਨ ਦੇ ਅਧਾਰ ’ਤੇ, ਕਿ ਗਾਲਿਓ ਪੌਲੁਸ ਦੇ ਜਾਣ ਤੋਂ ਇੱਕ ਜਾਂ ਦੋ ਮਹੀਨੇ ਪਹਿਲਾਂ ਕੁਰਿੰਥੁਸ ਵਿੱਚ ਆਇਆ ਸੀ (ਰਸੂਲਾਂ ਦੇ ਕਰਤੱਬ 18:18), ਇਸ ਕਰਕੇ ਇਤਹਾਸਕਾਰ ਨਿਸ਼ਚਿਤ ਤੌਰ ’ਤੇ ਦੱਸ ਸਕਦੇ ਹਨ ਕਿ ਰਸੂਲ ਪੌਲੁਸ ਨਗਰ ਵਿੱਚ ਕਿਸ ਵੇਲੇ ਸੀ।

ਕੁਰਿੰਥੁਸ ਜਾਣ ਤੋਂ ਪਹਿਲਾਂ ਰਸੂਲ ਪੌਲੁਸ ਨੇ ਕਈ ਮਹੀਨਿਆਂ ਤੱਕ ਇਕੱਲਿਆਂ ਹੀ ਅਥੇਨੇ ਵਿੱਚ ਪ੍ਰਚਾਰ ਕੀਤਾ ਸੀ। ਇਸ ਸਨਮਾਨਿਤ ਗ੍ਰੀਕੋ-ਰੋਮੀ ਅਸਥਾਨ ਵਿੱਚ ਉਸ ਨੂੰ ਵਧੇਰੇ ਸਫਲਤਾ ਨਹੀਂ ਮਿਲੀ ਸੀ (ਰਸੂਲਾਂ ਦੇ ਕਰਤੱਬ 17:34)। ਸੀਲਾਸ ਅਤੇ ਤਿਮੋਥਿਉਸ ਅਜੇ ਵੀ ਮਕਦੂਨਿਯਾ ਵਿੱਚ ਸਨ। ਉਸ ਨੂੰ ਬੜੀ ਤਾਂਘ ਸੀ ਕਿ ਉਹ ਦੋਵੇਂ ਉਸ ਦੇ ਕੋਲ ਆ ਜਾਣ, ਪਰ ਅਜਿਹਾ ਨਾ ਹੋ ਸਕਿਆ। ਜਦ ਪੌਲੁਸ ਕੁਰਿੰਥੁਸ ਵਿੱਚ ਆਇਆ ਤਾਂ ਉਹ ਇਕੱਲਾ ਸੀ; ਇਹ ਸੰਕੇਤ ਵੀ ਮਿਲਦੇ ਹਨ ਕਿ ਉਸ ਦਾ ਜੋਸ਼ ਬਹੁਤ ਘਟਿਆ ਹੋਇਆ ਸੀ (1 ਕੁਰਿੰਥੀਆਂ 2:3)। ਇਸ ਕਰਕੇ ਜਾਪਦਾ ਹੈ ਕਿ ਉਸ ਨੂੰ ਇਕੱਲਿਆਂ ਹੀ ਸਫਰ ਕਰਨਾ

ਪਿਆ ਸੀ। ਕੋਈ ਵੀ ਵਿਅਕਤੀ ਇਕੱਲਿਆਂ ਜ਼ਮੀਨੀ ਸਫਰ ਕਰਦਿਆਂ ਬਹੁਤ ਵੱਡਾ ਖਤਰਾ ਮੋਲ ਲੈਂਦਾ ਸੀ।

ਅਥੇਨੇ ਤੋਂ ਕੁਰਿੰਥੁਸ ਨੂੰ ਜਾਣ ਦੇ ਦੋ ਰਾਹ ਸਨ। ਜ਼ਮੀਨੀ ਸਫਰ ਵਿੱਚ ਪੰਜ ਦਿਨ ਲੱਗਦੇ ਸਨ ਅਤੇ ਰਾਹ ਬਹੁਤ ਔਖਾ ਸੀ। ਸਮੁੰਦਰ ਰਾਹੀਂ ਜਾਣਾ ਮਹਿੰਗਾ ਸੀ ਪਰ ਸਫਰ ਇੱਕੋ ਦਿਨ ਵਿੱਚ ਪੂਰਾ ਕੀਤਾ ਜਾ ਸਕਦਾ ਸੀ। ਰਸੂਲ ਪੌਲੁਸ ਨੂੰ ਪੈਦਲ ਲੰਮਾ ਸਫਰ ਕਰਨ ਦੀ ਆਦਤ ਸੀ। ਜ਼ਮੀਨੀ ਸਫਰ ਉਸ ਨੂੰ ਅਥੇਨੇ ਵਿੱਚੋਂ ਪੱਛਮ ਵੱਲ ਲੈ ਕੇ ਜਾਂਦਾ, ਜਿਹੜਾ ਏਲੇਯੁਸਿਸ ਕੋਲੋਂ ਲੰਘਣ ਵਾਲਾ ਰਾਹ ਸੀ, ਜਿੱਥੇ ਵਿਸ਼ਵ-ਪ੍ਰਸਿੱਧ ਦੇਮੇਤਰ ਦਾ ਮੰਦਿਰ ਸੀ, ਜਿਸ ਨੂੰ ਅੰਨ ਦੀ ਦੇਵੀ ਮੰਨਿਆ ਜਾਂਦਾ ਸੀ ਅਤੇ ਜੋ "ਕੋਰੇ" ਜਾਂ "ਪੇਰਸੇਫੋਨੇ" ਨਾਮ ਦੀ ਦੇਵੀ ਦੀ ਮਾਤਾ ਵੀ ਸੀ।[5] ਏਲੇਯੁਸਿਸ ਦੇ ਰਹੱਸਮਈ ਧਰਮ ਦਾ ਹਿੱਸਾ ਬਣਨ ਲਈ ਸਮਰਾਟ ਅਤੇ ਰਾਜੇ ਇਸ ਮੰਦਿਰ ਵਿੱਚ ਆਇਆ ਕਰਦੇ ਸਨ। ਆਪਣੀ ਯਾਤਰਾ ਵਿੱਚ ਅਗਾਂਹ ਵਧਦਿਆਂ ਰਸੂਲ ਪੌਲੁਸ ਨੇ ਆਪਣੇ ਖੱਬੇ ਹੱਥ ਸਲਮੀਸ ਟਾਪੂ ਵੇਖਿਆ ਹੋਵੇਗਾ। ਪੌਲੁਸ ਤੋਂ ਲਗਭਗ ਪੰਜ ਸੌ ਵਰ੍ਹੇ ਪਹਿਲਾਂ ਅਥੇਨੇ ਵਾਸੀਆਂ ਨੇ ਯੂਨਾਨੀ ਨਗਰਾਂ ਦੇ ਨਾਲ ਰਲ਼ ਕੇ ਅਹਸ਼ਵੇਰੋਸ਼ ਦੀ ਫਾਰਸੀ ਫੌਜ ਦੇ ਵਿਰੁੱਧ ਇੱਕ ਸਮੁੰਦਰੀ ਜੰਗ ਲੜੀ ਸੀ। ਇਹ ਜੰਗ ਉਨ੍ਹਾਂ ਸ਼ਾਂਤ ਪਾਣੀਆਂ ਵਿੱਚ ਹੋਈ ਸੀ ਜਿਹੜੇ ਸਲਮੀਸ ਨੂੰ ਮੁੱਖ ਸੰਮੁਦਰੀ ਕਿਨਾਰੇ ਤੋਂ ਉੱਤਰ ਵੱਲ ਨੂੰ ਵੱਖਰਾ ਕਰਦੇ ਸਨ। ਹਾਲਾਂਕਿ ਯੂਨਾਨੀ ਲੋਕ ਗਿਣਤੀ ਵਿੱਚ ਬਹੁਤ ਘੱਟ ਸਨ, ਪਰ ਫਿਰ ਵੀ ਉਨ੍ਹਾਂ ਦੀ ਜਿੱਤ ਹੋਈ ਅਤੇ ਉਨ੍ਹਾਂ ਨੇ ਆਪਣੇ ਦੇਸ ਦੀ ਰੱਖਿਆ ਕੀਤੀ। ਉਹ ਇਤਹਾਸ ਦੇ ਇਸ ਹਿੱਸੇ ਨੂੰ ਕਦੇ ਭੁਲਾ ਨਹੀਂ ਸਕਦੇ ਸਨ।

ਜਦ ਉਸ ਦੀ ਯਾਤਰਾ ਦੱਖਣ ਦਾ ਰੁੱਖ ਕਰਨ ਲੱਗੀ, ਤਾਂ ਰਸੂਲ ਪੌਲੁਸ ਨੇ ਆਪਣੇ ਸੱਜੇ ਹੱਥ ਮੇਗਾਰਾ ਨਗਰ ਵੇਖਿਆ ਹੋਵੇਗਾ ਜਿਸ ਵਿੱਚ ਪ੍ਰਸਿੱਧ ਦੋਹਰਾ ਐਕ੍ਰੋਪੋਲਿਸ ਸੀ। ਉਸ ਤੋਂ ਬਾਅਦ ਛੇਤੀ ਹੀ ਉਸ ਨੂੰ ਚੜ੍ਹਾਈ ਚੜ੍ਹਣੀ ਪਈ ਹੋਵੇਗੀ, ਕਿਉਂਕਿ ਉਹ ਕੁਰਿੰਥੁਸ ਦੀ ਤੰਗ ਘਾਟੀ ਦੇ ਪਹਾੜਾਂ ਵਿੱਚ ਪੁੱਜ ਗਿਆ ਹੋਵੇਗਾ। ਕੁਰਿੰਥੁਸ ਦੀ ਪੂਰਬੀ ਬੰਦਰਗਾਹ ਕੰਖਰਿਯਾ ਪੁੱਜਣ ਤੋਂ ਪਹਿਲਾਂ ਉਸ ਨੇ ਸੰਸਾਰ ਦੇ ਸਭ ਤੋਂ ਵਧੇਰੇ ਮਨਮੋਹਕ ਨਜਾਰਿਆਂ ਨੂੰ ਵੇਖਿਆ ਹੋਵੇਗਾ। ਇਸ ਤੋਂ ਬਾਅਦ ਉਸ ਦੀ ਯਾਤਰਾ ਵਿੱਚ ਉਹ ਥਾਂ ਆਇਆ ਹੋਵੇਗਾ ਜਿੱਥੇ ਇਸਥਮਿਯਾ ਦੀਆਂ ਖੇਡਾਂ ਹੁੰਦੀਆਂ ਸਨ ਜਿਹੜੀਆਂ ਸਮੁੰਦਰ ਦੇਵਤਾ ਪੋਸੇਇਡੋਨ ਨੂੰ ਸਮਰਪਤ ਸਨ। ਇਹ ਖੇਡਾਂ ਓਲਮਪਿਅਨ ਖੇਡਾਂ ਜਿੰਨੀਆਂ ਪੁਰਾਤਨ ਤਾਂ ਨਹੀਂ ਸਨ, ਪਰ ਓਲਮਪਿਆ ਬਹੁਤ ਦੂਰ ਪੱਛਮ ਵੱਲ ਪੇਲੋਪੋਨੇਸੁਸ ਵਿੱਚ ਸਥਿਤ ਸੀ, ਜਦਕਿ ਇਸਥਮਿਯਾ ਯੂਨਾਨੀ-ਭਾਸ਼ੀ ਸੰਸਾਰ ਦੇ ਕੇਂਦਰ ਵਿੱਚ ਸੀ। ਇਨ੍ਹਾਂ ਛਿਮਾਹੀਆਂ ਖੇਡਾਂ ਨੂੰ ਵੇਖਣ ਲਈ ਲੋਕ ਵੱਡੀ ਗਿਣਤੀ ਵਿੱਚ ਹੁੰਮ-ਹੁੰਮਾ ਕੇ ਪੁੱਜਦੇ ਹੁੰਦੇ ਸਨ। ਪੁਰਾਤਨ ਯਾਤਰੀ ਇਸਥਮਿਯਾ ਵਿਚਲੇ ਪੋਸੇਇਡੋਨ ਮੰਦਿਰ ਦੀ ਸੋਭਾ ਦੀ ਤੁਲਨਾ ਓਲਮਪਿਆ ਵਿਚਲੇ ਜ਼ਿਉਸ ਦੇ ਮੰਦਿਰ ਨਾਲ ਕਰਦੇ ਹੁੰਦੇ ਸਨ। ਪੋਸੇਇਡੋਨ ਦੇ ਮੰਦਿਰ ਦੇ ਨਾਲ ਪਾਲਾਏਮੋਨ ਨਾਂ ਦੇ ਇੱਕ ਨਾਇਕ ਦੀ ਦਰਗਾਹ ਸੀ। ਰਸੂਲ ਪੌਲੁਸ ਆਪਣੇ ਹਰੇਕ ਕਦਮ ਉੱਤੇ ਦਿਸਦੀ ਐਨੀ ਜ਼ਿਆਦਾ ਮੂਰਤੀ ਪੂਜਾ ਨੂੰ ਵੇਖ ਕੇ ਬਹੁਤ ਹੈਰਾਨ ਹੋਇਆ ਹੋਵੇਗਾ। ਉਸ ਇਲਾਕੇ ਦੇ ਕੋਨੇ-ਕੋਨੇ ਵਿੱਚ ਦੇਵਤਿਆਂ ਦਾ ਵਾਸ ਦਿਸਦਾ ਸੀ।

## ਉਹ ਨਗਰ ਜਿਸ ਤੋਂ ਪੌਲੁਸ ਜਾਣੂ ਸੀ

ਜਦ ਪੌਲੁਸ ਇਸਥਮਿਆ ਵਿਚਲੇ ਪੋਸੇਇਡੋਨ ਮੰਦਿਰ ਤੋਂ ਕੁਰਿੰਥੁਸ ਨੂੰ ਕੁਝ ਮੀਲ ਦੀ

ਦੂਰੀ ਵਿੱਚ ਤੁਰਦਾ ਜਾ ਰਿਹਾ ਹੋਵੇਗਾ ਤਾਂ ਧੁੱਪ ਉਸ ਉੱਤੇ ਬਹੁਤ ਤੇਜ਼ ਪੈ ਰਹੀ ਹੋਵੇਗੀ। ਗਰਮੀਆਂ ਦੇ ਮੌਸਮ ਵਿੱਚ ਅਸਮਾਨ ਬਹੁਤ ਸਾਫ ਰਹਿੰਦਾ ਹੈ; ਸਰੀਰ ਦੇ ਅਣਕੱਜੇ ਅੰਗਾਂ ਉੱਤੇ ਸੂਰਜ ਦਾ ਤਾਪ ਬਹੁਤ ਤੇਜ਼ ਪੈਂਦਾ ਹੈ। ਏਜੀਅਨ ਸਾਗਰ ਨੂੰ ਐਡ੍ਰਿਆਟਿਕ ਸਾਗਰ ਤੋਂ ਵੱਖਰਾ ਕਰਨ ਵਾਲੀ ਤੰਗ ਘਾਟੀ ਵਿੱਚ ਇੱਕ ਨਗਰ ਵੱਸਿਆ ਹੋਇਆ ਸੀ ਕਿਉਂਕਿ ਯੂਨਾਨੀਆਂ ਨੇ ਉੱਥੇ ਇੱਕ ਰਾਹ ਬਣਾਇਆ ਸੀ। "ਕੁਰਿੰਥੁਸ" ਨਾਮ ਵੀ ਉਸ ਭਾਸ਼ਾ ਤੋਂ ਹੈ ਜਿਹੜੀ ਯੂਨਾਨੀ ਤੋਂ ਵੀ ਪਹਿਲਾਂ ਮੌਜੂਦ ਸੀ। ਸਨਅਤੀ ਮਾਰਗਾਂ ਵਿੱਚ ਇਹ ਤੰਗ ਘਾਟੀ ਅਤੇ ਉਹ ਨਗਰ ਸ਼ਾਮਲ ਸੀ ਜਿਹੜਾ ਇਸ ਵਿੱਚ ਵੱਸਿਆ ਹੋਇਆ ਸੀ। ਕੁਰਿੰਥੁਸ ਦੀ ਭੂਗੋਲਿਕ ਸਥਿਤੀ ਨੇ ਇਸ ਨੂੰ ਸ਼ਕਤੀ ਅਤੇ ਪ੍ਰਸਿੱਧੀ ਦਿੱਤੀ ਸੀ। ਉੱਤਰ ਤੋਂ ਦੱਖਣ ਵੱਲ ਨੂੰ ਹੋਣ ਵਾਲੇ ਜ਼ਮੀਨੀ ਸਫਰ ਦਾ ਰਾਹ ਇਸ ਦੇ ਇਲਾਕੇ ਵਿੱਚੋਂ ਦੀ ਲੰਘਦਾ ਸੀ; ਅਤੇ ਪੂਰਬ ਤੋਂ ਪੱਛਮ ਨੂੰ ਜੋੜਦਾ ਸਮੁੰਦਰੀ ਰਾਹ ਵੀ ਇਸ ਦੀਆਂ ਬੰਦਰਗਾਹਾਂ ਤੋਂ ਹੋ ਕੇ ਜਾਂਦਾ ਸੀ। ਜਦਕਿ ਕੰਖਰਿਯਾ ਇਸ ਦੀ ਪੂਰਬੀ ਬੰਦਰਗਾਹ ਵਾਲਾ ਨਗਰ ਸੀ, ਲੇਖਾਇਯੁਮ ਇਸ ਦੇ ਪੱਛਮ ਵਿੱਚ ਸੀ। ਕੁਰਿੰਥੁਸ ਦੇ ਠੀਕ ਉੱਤਰ ਵਿੱਚ ਅਤੇ ਇਸ ਦੀ ਨਿਗਰਾਨੀ ਹੇਠ ਤੰਗ ਘਾਟੀ ਦੇ ਸਭ ਤੋਂ ਤੰਗ ਇਲਾਕੇ ਵਿੱਚੋਂ ਇੱਕ ਰਾਹ ਲੰਘਦਾ ਸੀ ਜਿਸ ਵਿੱਚ ਲਾਈਨਾਂ ਵਿਛੀਆਂ ਹੋਈਆਂ ਸਨ ਅਤੇ ਇਸ ਦਾ ਨਾਮ ਡਾਓਲਕੋਸ ਸੀ। ਇਸ ਦੇ ਰਾਹੀਂ ਲਗਭਗ ਚਾਰ ਮੀਲ ਤੱਕ ਮਾਲ ਅਤੇ ਛੋਟੇ ਜਹਾਜ਼ ਬੰਦਰਗਾਹ ਤੱਕ ਲਿਆਏ ਜਾਂਦੇ ਸਨ।

ਪੁਰਾਤਨ ਕੁਰਿੰਥੁਸ ਨਗਰ ਲਗਭਗ 1000 ਈ. ਪੂ. ਵਿੱਚ ਹੋਏ ਡੋਰਿਕ ਹਮਲੇ ਤੋਂ ਪਹਿਲਾਂ ਵੀ ਸਥਿਤ ਸੀ, ਜਿਹੜਾ ਦਾਊਦ ਅਤੇ ਸੁਲੇਮਾਨ ਦੇ ਸਮੇਂ ਦੇ ਨੇੜੇ-ਤੇੜੇ ਹੋਇਆ ਸੀ। ਯੂਨਾਨੀ ਮੰਦਿਰਾਂ ਦੀ ਉਸਾਰੀ ਲਈ ਇਸਤੇਮਾਲ ਹੋਈਆਂ ਤਿੰਨ ਕਾਰੀਗਰੀਆਂ ਵਿੱਚੋਂ ਡੋਰਿਕ ਅਤੇ ਕੁਰਿੰਥੁਸ ਸ਼ੈਲੀ ਦਾ ਅਰੰਭ ਇਸੇ ਨਗਰ ਵਿੱਚ ਹੋਇਆ ਸੀ। ਯੂਨਾਨੀ ਪੁਰਾਤਨ ਸਮੇਂ ਦਾ ਅਰੰਭ ਅਤੇ ਵਾਧਾ ਕੁਰਿੰਥੁਸ ਵਿੱਚੋਂ ਹੀ ਹੋਇਆ ਸੀ। ਕੁਰਿੰਥੁਸ ਦੇ ਭਾਂਡਿਆਂ ਦੇ ਵਪਾਰੀ ਸਾਰੇ ਭੂਮੱਧ ਇਲਾਕੇ ਵਿੱਚ ਕਾਰੋਬਾਰ ਵਿੱਚ ਸਭ ਤੋਂ ਅਗਾਂਹ ਹੁੰਦੇ ਸਨ। ਪੌਲੁਸ ਦੇ ਇਸ ਨਗਰ ਵਿੱਚ ਪੁੱਜਣ ਤੋਂ ਲਗਭਗ ਪੰਜ ਸੌ ਵਰ੍ਹੇ ਪਹਿਲਾਂ ਉਗਰ ਲੋਕਤੰਤਰ ਵਾਲਾ ਅਥੇਨੇ ਅਤੇ ਤਾਨਾਸ਼ਾਹਾਂ ਦੇ ਸ਼ਾਸਨ ਹੇਠ ਰਹਿਣ ਵਾਲਾ ਕੁਰਿੰਥੁਸ ਇੱਕ ਦੂਜੇ ਦੇ ਘੋਰ ਵੈਰੀ ਸਨ। ਪੰਜਵੀ ਸਦੀ ਈ. ਪੂ. ਵਿੱਚ ਜਦ ਜੰਗ ਵਿੱਚ ਯੂਨਾਨੀ ਕਮਜ਼ੋਰ ਪੈ ਗਏ ਸਨ, ਤਾਂ ਇਸ ਵਿੱਚ ਕੁਰਿੰਥੁਸ ਨੇ ਮੁੱਖ ਭੂਮਿਕਾ ਨਿਭਾਈ ਸੀ। ਪੇਲੋਪੋਨੇਸਿਏਨ ਯੁੱਧ ਦਾ ਅਰੰਭ ਕੁਰਿੰਥੁਸ ਅਤੇ ਇਸ ਦੇ ਵਸੇਬਿਆਂ ਵਿੱਚੋਂ ਇੱਕ ਵਿਚਾਲੇ ਜੰਗ ਤੋਂ ਅਰੰਭ ਹੋਇਆ ਸੀ। ਜਦ ਅਥੇਨੇ ਅਤੇ ਸਪਾਰਟਾ ਆਪਣੇ-ਆਪਣੇ ਲਈ ਜੰਗੀ ਸਾਥੀਆਂ ਦੀ ਭਾਲ ਕਰ ਰਹੇ ਸਨ ਤਾਂ ਕੁਰਿੰਥੁਸ ਸਪਾਰਟਾ ਲਈ ਇੱਕ ਮਹੱਤਵਪੂਰਣ ਸਾਥੀ ਬਣ ਗਿਆ।

ਹਾਲਾਂਕਿ ਤਿੰਨ ਸੌ ਸਾਲਾਂ ਤੱਕ ਯੂਨਾਨੀ ਸੱਭਿਆਚਾਰ ਵਿੱਚ ਕੁਰਿੰਥੁਸ ਨੇ ਸ਼ਾਨਦਾਰ ਯੋਦਗਾਨ ਦਿੱਤਾ ਸੀ ਪਰ ਪੌਲੁਸ ਦੇ ਆਉਣ ਤੱਕ ਨਗਰ ਦੀ ਸਾਖ ਬਦਨਾਮ ਹੋ ਚੁੱਕੀ ਸੀ। ਪੁਰਾਤਨ ਲਿਖਾਰੀਆਂ ਨੇ "ਧਨਵਾਨ ਕੁਰਿੰਥੁਸ" ਬਾਰੇ ਲਿਖਿਆ ਸੀ। ਨਗਰ ਨੇ ਕਈ ਸਦੀਆਂ ਤੱਕ ਜ਼ਿਕਰਯੋਗ ਖੁਸ਼ਹਾਲੀ ਵੇਖੀ ਸੀ; ਪਰ ਜਦ ਪੌਲੁਸ ਉੱਥੇ ਪਹੁੰਚਿਆ ਸੀ, ਤਦ ਤੱਕ ਬਜ਼ਾਰਾਂ, ਦੁਕਾਨਾਂ ਅਤੇ ਦਰਗਾਹਾਂ ਨੂੰ ਨਵਾਂ ਰੂਪ ਮਿਲ ਚੁੱਕਾ ਸੀ। ਦੂਜੀ ਸਦੀ ਈ. ਪੂ. ਦੇ ਮੱਧ ਤੱਕ ਪੇਚੀਦਾ ਹਾਲਾਤਾਂ ਦੇ ਦਰਮਿਆਨ ਰੋਮ ਯੂਨਾਨ ਦੇਸ ਵਿੱਚ ਪੁੱਜ ਚੁੱਕਾ ਸੀ। ਕਈ ਜੰਗਾਂ ਤੋਂ ਬਾਅਦ ਰੋਮ ਨੇ ਮਕਦੂਨਿਯਾ ਉੱਤੇ ਕਬਜ਼ਾ ਕਰ ਲਿਆ ਅਤੇ ਉਸ ਨੂੰ ਆਪਣਾ ਇੱਕ ਸੂਬਾ ਬਣਾ ਕੇ ਉਸ ਉੱਤੇ ਸ਼ਾਸਨ ਅਰੰਭ ਕਰ ਲਿਆ। ਪਰ ਫਿਰ ਵੀ ਯੂਨਾਨ ਰੋਮ ਦੇ

ਹਮਲਿਆਂ ਦਾ ਵਿਰੋਧ ਕਰਦਾ ਰਿਹਾ। ਦੱਖਣ ਵਿੱਚ ਕੁਰਿੰਥੁਸ ਨੇ ਅਜ਼ਾਦੀ ਪ੍ਰਾਪਤ ਕਰਨ ਦੇ ਨਿਰਬਲ ਜਤਨਾਂ ਵਿੱਚ ਗਠਜੋੜ ਕੀਤਾ। ਇਹ ਨਗਰ ਅਤੇ ਇਸ ਦੀਆਂ ਸਾਥੀ ਸੈਨਾਂ ਰੋਮ ਦੀਆਂ ਸ਼ਕਤੀਸ਼ਾਲੀ ਫੌਜਾਂ ਦਾ ਸਾਹਮਣਾ ਨਹੀਂ ਕਰ ਸਕੀਆਂ। 146 ਈ.ਪੂ. ਵਿੱਚ ਰੋਮੀ ਸੂਬੇਦਾਰ ਮੁਮਿਯੁਸ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਕੁਚਲ ਦਿੱਤਾ। ਕਿਉਂ ਜੋ ਕੁਰਿੰਥੁਸ ਨੇ ਰੋਮ ਦਾ ਵਿਰੋਧ ਕੀਤਾ ਸੀ, ਇਸ ਕਰਕੇ ਸੂਬੇਦਾਰ ਨੇ ਇਸ ਨੂੰ ਸਾੜ ਕੇ ਸੁਆਹ ਕਰਕੇ ਇਸ ਨੂੰ ਇੱਕ ਨਮੂਨਾ ਬਣਾ ਦਿੱਤਾ। ਇਸਥਮਿਯਾ ਦੀਆਂ ਮਸ਼ਹੂਰ ਖੇਡਾਂ ਦੀ ਥਾਂ ਪੱਛਮ ਵੱਲ ਦੇ ਇੱਕ ਗੁਆਂਢੀ ਨਗਰ ਸਿਕਯੋਨ ਨੇ ਲੈ ਲਈ। ਅਗਲੇ ਇੱਕ ਸੌ ਵਰ੍ਹਿਆਂ ਤੱਕ ਕੁਰਿੰਥੁਸ ਦੇ ਵਸਨੀਕ ਸਿਰਫ ਨਜਾਇਜ਼ ਤਰੀਕੇ ਨਾਲ ਆ ਕੇ ਵੱਸੇ ਲੋਕ ਹੀ ਸਨ। ਜਿਸ ਨਗਰ ਨੂੰ ਆਪਣੇ ਆਪ ਉੱਤੇ ਮਾਣ ਸੀ, ਜੋ ਯੂਨਾਨੀ ਸੰਸਾਰ ਦਾ ਇੱਕ ਹੀਰਾ ਸੀ, ਉਸ ਨੂੰ ਰੋਮ ਦੀਆਂ ਫੌਜਾਂ ਨੇ ਸਾੜ ਕੇ ਸੁਆਹ ਕਰ ਦਿੱਤਾ ਅਤੇ ਉਹ ਜੰਗਲੀ ਜਾਨਵਰਾਂ ਦਾ ਵਸੇਬਾ ਬਣ ਕੇ ਰਹਿ ਗਿਆ।

ਕੁਰਿੰਥੁਸ ਦੀ ਮੁੜ ਉਸਾਰੀ ਜੁਲੀਅਸ ਕੈਸਰ ਦੇ ਜਤਨਾਂ ਨਾਲ ਹੋਈ, ਜੋ ਕਿ ਉਸ ਵੇਲੇ ਦਾ ਸਭ ਤੋਂ ਸ਼ੌਕੀਨ ਅਤੇ ਸਨਮਾਨਿਤ ਵਿਅਕਤੀ ਸੀ। ਕੈਸਰ ਨੇ ਉਸ ਤੰਗ ਘਾਟੀ ਦੇ ਮਹੱਤਵ ਨੂੰ ਸਿਆਣਿਆ। 44 ਈ. ਪੂ. ਵਿੱਚ ਉਸ ਦੀ ਮੌਤ ਤੋਂ ਕੁਝ ਚਿਰ ਪਹਿਲਾਂ ਉਸ ਨੇ ਉਨ੍ਹਾਂ ਵਸਨੀਕਾਂ ਨੂੰ ਜਿਨ੍ਹਾਂ ਕੋਲ ਆਪਣੀ ਜ਼ਮੀਨ ਨਹੀਂ ਸੀ ਅਤੇ ਸੁਤੰਤਰ ਹੋ ਚੁੱਕੇ ਗੁਲਾਮਾਂ ਨੂੰ ਉੱਤਰੀ ਅਫਰੀਕਾ ਦੇ ਕਾਰਥੇਜ ਅਤੇ ਕੁਰਿੰਥੁਸ ਵਿੱਚ ਰੋਮੀ ਕਲੋਨੀਆਂ ਵਸਾਉਣ ਲਈ ਘੱਲ ਦਿੱਤਾ। ਤੰਗ ਘਾਟੀ ਵਿੱਚ ਵੱਸਿਆ ਹੋਇਆ ਇਹ ਨਗਰ ਮੁੜ ਸੁਰਜੀਤ ਹੋਇਆ, ਪਰ ਇਸ ਵਾਰ ਇਸ ਵਿੱਚ ਲਾਤੀਨੀ ਭਾਸ਼ਾ ਦਾ ਦਬਦਬਾ ਸੀ। ਇਸ ਦੇ ਸੰਸਥਾਨ, ਸਰਕਾਰੀ ਸੰਰਚਨਾ, ਟੈਕਸ ਸਿਸਟਮ, ਅਤੇ ਧਰਮ ਰੋਮ ਦੀਆਂ ਪਰੰਪਰਾਵਾਂ ਉੱਤੇ ਅਧਾਰਿਤ ਸਨ। ਪੁਰਾਤੱਤਵ ਸ਼ਾਸਤਰੀਆਂ ਨੂੰ ਮਿਲੇ ਪਹਿਲੀ ਸਦੀ ਦੇ ਸ਼ਿਲਾ-ਲੇਖ ਲਾਤੀਨੀ ਭਾਸ਼ਾ ਵਿੱਚ ਹਨ।[6] ਜਦ ਪੌਲੁਸ ਨੇ ਇਸ ਨਗਰ ਵਿੱਚ ਆਪਣੇ ਕਦਮ ਰੱਖੇ ਹੋਣਗੇ, ਤਾਂ ਉਸ ਨੇ ਦੁਕਾਨਦਾਰਾਂ ਅਤੇ ਸਥਾਨਕ ਵਸਨੀਕਾਂ ਨੂੰ ਲਾਤੀਨੀ ਬੋਲਦਿਆਂ ਸੁਣਿਆ ਹੋਵੇਗਾ। ਇਹ ਉਸ ਦੇ ਲਈ ਪਹਿਲਾ ਤਜਰਬਾ ਨਹੀਂ ਰਿਹਾ ਹੋਵੇਗਾ ਕਿ ਉਸ ਨੇ ਯੂਨਾਨੀ ਸੰਸਾਰ ਦੇ ਕਿਸੇ ਨਗਰ ਦੀਆਂ ਗਲੀਆਂ ਵਿੱਚ ਰੋਮ ਦੀ ਅਧਿਕਾਰਿਕ ਭਾਸ਼ਾ ਸੁਣੀ ਹੋਵੇਗੀ। ਜਦਕਿ ਫਿਲਿੱਪੈ ਇੱਕਮਾਤਰ ਅਜਿਹਾ ਨਗਰ ਹੈ ਜਿਸ ਨੂੰ ਨਵੇਂ ਨੇਮ ਵਿੱਚ ਖਾਸਤੌਰ ’ਤੇ ਰੋਮੀ ਬਸਤੀ ਆਖਿਆ ਗਿਆ ਹੈ (ਰਸੂਲਾਂ ਦੇ ਕਰਤੱਬ 16:12), ਪਰ ਅਜਿਹੀਆਂ ਬਸਤੀਆਂ ਦੀ ਗਿਣਤੀ ਬਹੁਤ ਸੀ। ਪਿਸਿਦਿਯਾ ਨੇੜਲਾ ਅੰਤਾਕਿਯਾ ਅਤੇ ਲੁਸਤ੍ਰਾ ਵੀ ਰੋਮੀ ਬਸਤੀਆਂ ਸਨ। ਅਜਿਹੇ ਨਗਰਾਂ ਵਿੱਚ ਲਾਤੀਨੀ ਬੋਲਣ ਵਾਲੇ ਲੋਕ ਆਮ ਰਹੇ ਹੋਣਗੇ।

ਜਿਸ ਕੁਰਿੰਥੁਸ ਵਿੱਚ ਪੌਲੁਸ ਆਇਆ ਸੀ ਉਹ ਇੱਕ ਨਵਾਂ ਵੱਸਿਆ ਨਗਰ ਸੀ, ਪਰ ਰੋਮ ਦੇ ਅਖਾਯਾ ਸੂਬੇ ਵਿੱਚ ਇਸ ਨੂੰ ਪ੍ਰਧਾਨਤਾ ਮਿਲ ਚੁੱਕੀ ਸੀ। ਅਥੇਨੇ, ਜਿਹੜਾ ਉੱਤਰ-ਪੂਰਬ ਦੇ ਗੁਆਂਢ ਵਿੱਚ ਸੀ ਅਤੇ ਵਿਰੋਧੀ ਸੀ, ਸਿੱਖਿਆ ਪ੍ਰਾਪਤ ਕਰਨ ਦੇ ਕੇਂਦਰ ਵਜੋਂ ਪ੍ਰਸਿੱਧੀ ਪ੍ਰਾਪਤ ਕਰਦਾ ਰਿਹਾ। ਹਾਲਾਂਕਿ ਇਸ ਨਗਰ ਦਾ ਇਤਹਾਸ ਵੀ ਪਰਤਾਪਵਾਨ ਸੀ, ਪਰ ਰਾਜਨੈਤਿਕ ਅਤੇ ਆਰਥਿਕ ਖੇਤਰ ਵਿੱਚ ਅਥੇਨੇ ਕੁਰਿੰਥੁਸ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ।

ਕੁਰਿੰਥੁਸ ਦੀ ਅਬਾਦੀ – ਜਾਂ ਫਿਰ ਕਿਸੇ ਵੀ ਗ੍ਰੀਕੋ-ਰੋਮੀ ਨਗਰ ਦੀ ਅਬਾਦੀ – ਦੀ ਗਿਣਤੀ ਕਰਨਾ ਬਹੁਤ ਔਖਾ ਹੁੰਦਾ ਸੀ। ਪੁਰਾਤਨ ਸ਼ਾਸਤਰੀ ਇੱਕ ਦੂਜੇ ਤੋਂ ਪੂਰੀ ਤਰ੍ਹਾਂ ਵੱਖਰੇ ਅੰਦਾਜ਼ੇ ਲਗਾਉਂਦੇ ਹਨ। ਅਨਿਸ਼ਚਿਤ ਜਾਣਕਾਰੀ ਦੇ ਅਧਾਰ ’ਤੇ ਲਗਾਏ ਗਏ

ਅੰਦਾਜ਼ਿਆਂ ਦੇ ਅਧਾਰ ’ਤੇ ਕੁਰਿੰਥੁਸ ਅਤੇ ਨੇੜਲੇ ਇਲਾਕੇ (“ਕੁਰਿੰਥੀਆ”) ਦੀ ਅਬਾਦੀ 100,000 ਤੋਂ ਲੈ ਕੇ 125,000 ਦੇ ਵਿਚਕਾਰ ਦੱਸੀ ਜਾਂਦੀ ਹੈ।[7]

ਕੁਰਿੰਥੁਸ ਦੇ ਧਨਵਾਨ ਵਸਨੀਕਾਂ ਵਿੱਚ ਵਪਾਰੀ, ਜਿੰਮੀਦਾਰ, ਅਤੇ ਸਰਕਾਰੀ ਅਧਿਕਾਰੀ ਰਹੇ ਹੋਣਗੇ। ਇਸ ਦੇ ਨਾਲ ਹੀ ਨਗਰ ਵਿੱਚ ਦਿਹਾੜੀਦਾਰ ਮਜਦੂਰਾਂ, ਗੁਲਾਮਾਂ, ਅਤੇ ਯਾਤਰੂ ਉਪਦੇਸ਼ਕਾਂ ਦੀ ਗਿਣਤੀ ਵੀ ਕਾਫ਼ੀ ਸੀ, ਜਿਨ੍ਹਾਂ ਵਿੱਚੋਂ ਕੁਝ ਤਾਂ ਖਾਨਾਬਦੋਸ਼ ਵੀ ਅਖਵਾਏ ਜਾਂਦੇ ਸਨ।

ਜ਼ਿਆਦਾਤਰ ਲੋਕਾਂ ਲਈ ਰੋਮੀ ਸੰਸਾਰ ਦੇ ਕਿਸੇ ਵੀ ਨਗਰ ਵਿੱਚ ਗੁਜ਼ਾਰਾ ਕਰਨ ਲਈ ਕੰਮ ਭਾਲਣ ਨਾਲੋਂ ਗੁਲਾਮ ਬਣ ਕੇ ਜ਼ਿੰਦਗੀ ਕੱਟਣਾ ਵਧੇਰੇ ਸੁਰਖਿਅਤ ਹੁੰਦਾ ਸੀ। ਕੁਰਿੰਥੁਸ ਦੇ ਜ਼ਿਆਦਾਤਰ ਵਸਨੀਕ ਗੁਲਾਮ ਹੀ ਰਹੇ ਹੋਣਗੇ। ਗੁਲਾਮੀ ਨੇ ਅਜਿਹੀਆਂ ਪ੍ਰਥਾਵਾਂ ਨੂੰ ਵਧਾਇਆ ਜਿਹੜੀਆਂ ਮਸੀਹੀ ਲੋਕਾਂ ਦੇ ਲਈ ਘਿਣਾਉਣੀਆਂ ਸਨ। ਗੁਲਾਮਾਂ ਲਈ ਵਿਆਹ ਕਰਨਾ ਗੈਰਕਨੂੰਨੀ ਹੁੰਦਾ ਸੀ। ਜੇਕਰ ਕੋਈ ਗੁਲਾਮ ਅਦਾਲਤ ਵਿੱਚ ਗਵਾਹੀ ਦੇਣ ਲਈ ਚਲਿਆ ਜਾਂਦਾ ਸੀ ਤਾਂ ਉਸ ਨੂੰ ਤਸੀਹੇ ਦਿੱਤੇ ਜਾਣਾ ਆਮ ਗੱਲ ਹੁੰਦੀ ਸੀ। ਸਾਰੀਆਂ ਗੁਲਾਮ ਇਸਤਰੀਆਂ, ਭਾਵੇਂ ਸਿਆਣੀਆਂ ਜਾਂ ਨਿਆਣੀਆਂ, ਆਪਣੇ ਮਾਲਕਾਂ ਦੀ ਜਾਗੀਰ ਹੁੰਦੀਆਂ ਸਨ – ਅਤੇ ਇਸ ਵਿੱਚ ਸਭਕੁਝ ਸ਼ਾਮਲ ਸੀ। ਪੜ੍ਹੇ-ਲਿਖੇ ਗੁਲਾਮਾਂ ਦੀ ਜ਼ਿੰਦਗੀ ਬਾਕੀਆਂ ਨਾਲੋਂ ਥੋੜੀ ਬਿਹਤਰ ਹੁੰਦੀ ਸੀ; ਬਾਕੀ ਦੇ ਗੁਲਾਮ ਖਦਾਨਾਂ ਅਤੇ ਮਿੱਲਾਂ ਵਿੱਚ ਸਮੇਂ ਤੋਂ ਪਹਿਲਾਂ ਮੌਤ ਦਾ ਸ਼ਿਕਾਰ ਹੋ ਜਾਂਦੇ ਸਨ। ਉਨ੍ਹਾਂ ਦੀ ਥਾਂ ਨਵੇਂ ਗੁਲਾਮ ਲੈ ਕੇ ਆਉਣਾ ਕਾਰੋਬਾਰ ਦੀ ਕੀਮਤ ਦਾ ਇੱਕ ਹਿੱਸਾ ਹੁੰਦਾ ਸੀ।

ਪੌਲੁਸ ਨੇ ਅੱਤ ਵਧੀਕ ਅਮੀਰੀ ਅਤੇ ਅੱਤ ਵਧੀਕ ਗਰੀਬੀ ਦੇ ਪ੍ਰਮਾਣ ਵੇਖੇ ਹੋਣਗੇ। ਜੰਗਲੀ ਕੁੱਤੇ ਗਲੀਆਂ ਵਿੱਚ ਘੁੰਮਦੇ ਹੋਣਗੇ। ਕਿਸਾਨ ਆਪਣੀਆਂ ਸਬਜੀਆਂ-ਫਲਾਂ ਨੂੰ ਰੇੜ੍ਹਿਆਂ ਵਿੱਚ ਲੱਦ ਕੇ ਬਜ਼ਾਰਾਂ ਵਿੱਚ ਦੁਕਾਨਾਂ ਵੱਲ ਲਿਜਾਂਦੇ ਹੋਣਗੇ। ਵਪਾਰੀ ਮਿੱਟੀ ਦਿਆਂ ਭਾਂਡਿਆਂ, ਸੈਂਡਲਾਂ, ਅਤੇ ਖਾਣ-ਪੀਣ ਦੀਆਂ ਵਸਤਾਂ ਦੀ ਨੁਮਾਇਸ਼ ਕਰਦੇ ਹੋਣਗੇ। ਇਸਤਰੀਆਂ ਪਾਣੀ ਦੇ ਬਰਤਨ ਸਿਰ ’ਤੇ ਚੁੱਕੀਂ ਪ੍ਰਸਿੱਧ ਪਾਇਰੀਨ ਝਰਨੇ ਦੀਆਂ ਮਾਰਬਲ ਦੀਆਂ ਚਾਰਦੀਵਾਰੀਆਂ ਵਿੱਚ ਆਉਂਦੀਆਂ-ਜਾਂਦੀਆਂ ਹੋਣਗੀਆਂ। ਮੰਗਤੇ ਖਾਣੇ ਦੀ ਭਾਲ ਵਿੱਚ ਇੱਧਰ-ਉੱਧਰ ਭਟਕਦੇ ਹੋਣਗੇ। ਨਵੇਂ ਦ੍ਰਿਸ਼ਾਂ ਅਤੇ ਨਵੀਆਂ ਅਵਾਜ਼ਾਂ ਨੇ ਪੌਲੁਸ ਦਾ ਸੁਆਗਤ ਕੀਤਾ ਹੋਵੇਗਾ। ਇਹ ਉਹ ਲੋਕ ਸਨ ਜਿਨ੍ਹਾਂ ਵਿੱਚ ਉਹ ਮਸੀਹ ਨੂੰ ਲੈ ਕੇ ਆਇਆ ਸੀ।

ਕੁਰਿੰਥੁਸ ਨਾ ਸਿਰਫ ਵਪਾਰ ਲਈ ਇੱਕ ਵਧੀਆ ਸਥਾਨ ਸੀ, ਸਗੋਂ ਚੁਫੇਰੇ ਦੀਆਂ ਵਾਦੀਆਂ ਖੇਤੀ ਲਈ ਬਹੁਤ ਵਧੀਆਂ ਥਾਂ ਸੀ। ਉਸ ਇਲਾਕੇ ਵਿੱਚ ਕਈ ਝਰਨੇ ਸਨ। ਇਸ ਇਲਾਕੇ ਦੀ ਖੇਤੀ ਨੇ ਅੰਗ੍ਰੇਜੀ ਉੱਤੇ ਇਕ ਸਥਾਈ ਛਾਪ ਛੱਡ ਦਿੱਤੀ ਹੈ, ਕਿਉਂਕਿ “ਕੁਰੈਂਟ ਬੈਰੀਜ਼” ਦਾ ਸ਼ਾਬਦਿਕ ਅਰਥ ਹੈ “ਕੁਰਿੰਥੁਸ ਦੇ ਅੰਗੂਰ।”

ਇਹ ਨਗਰ ਪਹਾੜੀ ਦੀਆਂ ਢਲਾਨਾਂ ਉੱਤੇ ਵੱਸਿਆ ਹੋਇਆ ਸੀ, ਜਿਹੜੀਆਂ ਇੱਕ ਉੱਚੇ ਪਹਾੜ ਵੱਲ ਜਾਂਦੀਆਂ ਸਨ। ਅਥੇਨੇ ਅਤੇ ਹੋਰਨਾਂ ਸਭਨਾਂ ਨਗਰਾਂ ਵਿੱਚ ਇੱਕ “ਉੱਚਾ ਨਗਰ” ਹੁੰਦਾ ਸੀ, ਜਿਸ ਨੂੰ ਐਕ੍ਰੋਪੋਲਿਸ ਆਖਿਆ ਜਾਂਦਾ ਸੀ, ਜਿੱਥੋਂ ਦੀ ਨਗਰ ਦੀ ਰੱਖਿਅਕ ਸੈਨਾ ਹਮਲਾਵਰਾਂ ਨੂੰ ਰੋਕਣ ਲਈ ਇੱਕ ਆਖਰੀ ਜਤਨ ਕਰ ਸਕਦੀ ਸੀ। ਕੁਰਿੰਥੁਸ ਦਾ ਆਪਣਾ ਇੱਕ ਐਕ੍ਰੋਕੁਰਿੰਥੁਸ, ਇੱਕ “ਉੱਚਾ ਕੁਰਿੰਥੁਸ” ਹੁੰਦਾ ਸੀ, ਜਿਹੜਾ ਇੱਕ ਕਿਲ੍ਹਾ ਸੀ; ਪਰ ਪਹਾੜ ਦੀ ਨਗਰ ਦੇ ਕੇਂਦਰ ਤੋਂ ਦੂਰੀ ਅਤੇ ਇਸ ਦਾ ਵਿਸ਼ਾਲ ਆਕਾਰ ਕੁਰਿੰਥੁਸ ਨੂੰ ਵੈਰੀਆਂ ਨੂੰ ਬਹੁਤੀ ਸੁਰੱਖਿਆ ਨਹੀਂ ਦੇ ਸਕਦਾ ਸੀ। ਇਹ ਪਹਾੜ ਨਗਰ ਦੀ ਰੱਖਿਆ ਕਰਨ ਦੀ

ਬਜਾਇ ਉਸ ਦੀ ਪਛਾਣ ਬਣ ਗਿਆ ਸੀ।

## ਕੁਰਿੰਥੁਸ ਦੇ ਧਰਮ

ਜਦ ਪੌਲੁਸ ਕੁਰਿੰਥੁਸ ਵਿੱਚ ਪੁੱਜਿਆ ਸੀ ਤਾਂ ਪੁਰਾਤਨ ਨਗਰ ਦੇ ਮੂਰਤੀ-ਪੂਜਕ ਧਰਮ ਅਜੇ ਵੀ ਜਾਰੀ ਸਨ। ਵਿਰੋਧੀ ਦਾਅਵਿਆਂ ਦੇ ਬਾਵਜੂਦ ਨਾ ਤਾਂ ਪਹਿਲੀ ਸਦੀ ਦੀਆਂ ਪੁਰਾਤੱਤਵ ਖੋਜਾਂ ਅਤੇ ਨਾ ਹੀ ਸਾਹਿਤਕ ਲੇਖਾਂ ਵਿੱਚ ਇਸ ਗੱਲ ਦੇ ਕੋਈ ਪ੍ਰਮਾਣ ਮਿਲਦੇ ਹਨ ਕਿ ਮੂਰਤੀ ਪੂਜਾ ਇੱਕ ਖਤਮ ਹੋ ਰਿਹਾ ਧਰਮ ਸੀ, ਜਿਸ ਨੂੰ ਸਿਰਫ ਇੱਕ ਹੌਲੇ ਜਿਹੇ ਝਟਕੇ ਦੀ ਲੋੜ ਸੀ ਕਿ ਉਸ ਦਾ ਨਾਸ ਹੋ ਜਾਵੇ ਅਤੇ ਉਸ ਦੀ ਥਾਂ ਮਸੀਹਤ ਲੈ ਲਵੇ। ਹੋ ਸਕਦਾ ਹੈ ਕਿ ਮੰਦਿਰਾਂ ਦੀ ਉਸਾਰੀ ਕਿਸੇ ਧਰਮ ਦੀ ਸ਼ਕਤੀ ਦਾ ਚਿੰਨ੍ਹ ਨਾ ਹੋਵੇ, ਪਰ ਉਨ੍ਹਾਂ ਦੀ ਉਸਾਰੀ ਉੱਤੇ ਕੀਤਾ ਗਿਆ ਖਰਚਾ ਘੱਟੋ-ਘੱਟ ਇਹ ਸੁਝਾਓ ਜ਼ਰੂਰ ਦਿੰਦਾ ਹੈ ਕਿ ਲੋਕ ਆਪਣੀਆਂ ਧਾਰਮਿਕ ਪਰੰਪਰਾਵਾਂ ਦਾ ਸਨਮਾਨ ਕਰਦੇ ਸਨ। ਦੇਵਤਿਆਂ ਲਈ ਮੰਦਿਰਾਂ ਦੀ ਉਸਾਰੀ ਨੇ ਪਹਿਲੀ ਸਦੀ ਦੇ ਯੂਨਾਨੀ ਸੰਸਾਰ ਵਿੱਚ ਵਾਧਾ ਕੀਤਾ, ਖਾਸ ਕਰਕੇ ਕੁਰਿੰਥੁਸ ਵਿੱਚ। ਪੁਰੋਹਿਤ ਆਪਣਾ ਨਿਤਨੇਮ ਪੂਰਾ ਕਰਦੇ ਸਨ। ਖੇਡਾਂ ਅਤੇ ਜਨਤਕ ਤਿਉਹਾਰਾਂ ਦਾ ਅਰੰਭ ਦੇਵਤਿਆਂ ਤੋਂ ਅਸੀਸ ਮੰਗੇ ਬਿਨਾ ਨਹੀਂ ਹੋ ਸਕਦਾ ਸੀ। ਬਲੀਆਂ ਚੜ੍ਹਾਈਆਂ ਜਾਂਦੀਆਂ ਸਨ। ਇਹ ਅੰਦਾਜ਼ਾ ਲਗਾਉਣਾ ਤਾਂ ਔਖਾ ਹੈ ਕਿ ਕੁਰਿੰਥੁਸ ਵਿੱਚ ਰੋਮੀ ਅਤੇ ਯੂਨਾਨੀ ਦੇਵੀ-ਦੇਵਤਿਆਂ ਦਾ ਕਿੰਨਾ ਕੁ ਮਿਸ਼ਰਣ ਹੋਇਆ ਸੀ, ਪਰ ਇਹ ਗੱਲ ਤਾਂ ਨਿਸ਼ਚਿਤਤਾ ਨਾਲ ਆਖੀ ਜਾ ਸਕਦੀ ਹੈ ਕਿ ਧਨਵਾਨਾਂ ਦੇ ਬੱਚੇ ਯੂਨਾਨ ਅਤੇ ਰੋਮ ਦੇ ਇਤਹਾਸ ਨੂੰ ਚੰਗੀ ਤਰ੍ਹਾਂ ਸਿੱਖ ਲੈਂਦੇ ਹੋਣਗੇ।

ਜਦ ਪੌਲੁਸ ਕੁਰਿੰਥੁਸ ਨਗਰ ਦੇ ਕੇਂਦਰ ਵਿੱਚ ਆਇਆ ਹੋਵੇਗਾ ਤਾਂ ਉਸ ਨੇ ਉਸ ਇਲਾਕੇ ਦੇ ਸਭ ਤੋਂ ਸੁੰਦਰ ਅਤੇ ਉੱਚੇ ਟਿੱਬੇ ਉੱਤੇ ਇੱਕ ਮੰਦਿਰ ਵੇਖਿਆ ਹੋਵੇਗਾ। ਇਸ ਦੇ ਥੰਮ੍ਹ ਡਾਟਾਂ ਵਾਲੇ ਸਨ, ਜਿਸ ਦੇ ਖੰਭੇ ਸਥਾਨਕ *ਪੋਰੋਸ* ਪੱਥਰ ਦੇ ਬਣੇ ਸਨ। ਕੁਰਿੰਥੀਆ ਵਿੱਚ ਸੰਗਮਰਮਰ ਨਹੀਂ ਹੁੰਦਾ ਸੀ। ਮੰਦਿਰ ਦੀ ਬਣਤਰ ਡੋਰਿਕ ਸ਼ੈਲੀ ’ਤੇ ਅਧਾਰਿਤ ਸੀ, ਇਸ ਦੇ ਥੰਮ੍ਹਾਂ ਦੀ ਉਚਿਆਈ ਘੱਟ ਅਤੇ ਮੋਟਾਈ ਜ਼ਿਆਦਾ ਸੀ, ਤਾਂ ਜੋ ਇਹ ਉੱਤੇ ਰੱਖੇ ਜਾਣ ਵਾਲੇ ਪੱਥਰਾਂ ਦਾ ਭਾਰ ਸਹਿ ਸਕਣ। ਮੁਮਿਯੁਸ ਵੱਲੋਂ ਨਗਰ ਨੂੰ ਅੱਗ ਨਾਲ ਫੂਕੇ ਜਾਣ ਤੋਂ ਬਾਅਦ ਬਚੇ ਖੰਡਹਰ ਵਜੋਂ ਇਹ ਮੰਦਿਰ ਪੌਲੁਸ ਦੇ ਦਿਨਾਂ ਵਿੱਚ ਵੀ ਖੜ੍ਹਾ ਸੀ। ਅੱਜ ਇਹ ਯੂਨਾਨ ਵਿੱਚ ਸਭ ਤੋਂ ਪੁਰਾਣਾ ਮੰਦਿਰ ਹੈ ਜਿਹੜਾ ਅਜੇ ਵੀ ਖੜ੍ਹਾ ਹੈ। ਅਨੁਮਾਨ ਇਹ ਲਗਾਇਆ ਜਾਂਦਾ ਹੈ ਕਿ ਯੂਨਾਨੀਆਂ ਨੇ ਇਸ ਮੰਦਿਰ ਨੂੰ ਅਪੋਲੋ ਦੇ ਸਨਮਾਨ ਵਿੱਚ ਉਸਾਰਿਆ ਸੀ, ਪਰ ਇਹ ਅਨਿਸ਼ਚਿਤ ਹੈ ਕਿ ਇਸ ਦੀ ਉਸਾਰੀ ਦੀ ਪ੍ਰੇਰਣਾ ਕਿਸ ਦੇਵਤਾ ਨੇ ਦਿੱਤੀ ਸੀ। ਕਿਉਂ ਜੋ ਅਪੋਲੋ ਦੀ ਪੂਜਾ ਰੋਮੀ ਅਤੇ ਯੂਨਾਨੀ ਦੋਵੇਂ ਕਰਦੇ ਸਨ, ਇਸ ਕਰਕੇ ਰੋਮ ਤੋਂ ਲਿਆਂਦੇ ਗਏ ਲੋਕਾਂ ਸ਼ਰਣਾਰਥੀਆਂ ਨੂੰ ਇੱਥੇ ਵਸਾਇਆ ਗਿਆ ਤਾਂ ਇੱਥੋਂ ਦੇ ਰੋਮੀ ਵਸਨੀਕ ਵੀਣਾ ਅਤੇ ਦੈਵੀ ਭਾਖਿਆ ਦੇ ਇਸ ਦੇਵਤਾ ਲਈ ਕੁਰਬਾਨੀਆਂ ਚੜ੍ਹਾਉਂਦੇ ਅਤੇ ਪੁਜਾਰੀ ਥਾਪਦੇ ਰਹੇ ਹੋਣਗੇ।

ਪ੍ਰੇਮ ਦੀ ਦੇਵੀ ਐਫ੍ਰੋਡਾਈਟ ਦਾ ਧਰਮ ਵੀ ਕੁਰਿੰਥੁਸ ਵਿੱਚ ਲੰਮੇਂ ਸਮੇਂ ਤੋਂ ਮੌਜੂਦ ਸੀ। ਪੂਰਬ ਤੋਂ ਆਏ ਪੁਰਾਤਨ ਲੋਕਾਂ ਤੋਂ ਸੰਬੰਧਤ ਹੋਣ ਦੇ ਕਾਰਣ ਮੰਨਿਆ ਜਾਂਦਾ ਹੈ ਕਿ ਇਹ ਦੇਵੀ ਕੁਪਰੁਸ ਦੇ ਸਮੁੰਦਰੀ ਕਿਨਾਰੇ ਆਈ ਸਮੁੰਦਰੀ ਝੱਗ ਵਿੱਚੋਂ ਪਰਗਟ ਹੋਈ ਸੀ। ਕੁਪਰੁਸ ਅਤੇ ਸਿਥੇਰਾ ਟਾਪੂ ਵਿੱਚ ਇਸ ਧਰਮ ਦੀ ਬਹੁਤ ਮਾਨਤਾ ਸੀ, ਜੋ ਪੇਲੋਪੋਨੇਸੁਸ ਦੇ ਦੱਖਣੀ

ਸਮੁੰਦਰੀ ਕਿਨਾਰੇ ਤੋਂ ਬਹੁਤਾ ਦੂਰ ਨਹੀਂ ਸੀ। ਅਜਿਹਾ ਜਾਪਦਾ ਹੈ ਕਿ ਪੌਲੁਸ ਦੇ ਕੁਰਿੰਥੁਸ ਵਿੱਚ ਆਉਣ ਤੋਂ ਲਗਭਗ ਇੱਕ ਹਜ਼ਾਰ ਵਰ੍ਹੇ ਪਹਿਲਾਂ ਇਸ ਧਰਮ ਨੂੰ ਸਿਥੇਰਾ ਤੋਂ ਯੂਨਾਨ ਦੇਸ ਵਿੱਚ ਲਿਆਂਦਾ ਗਿਆ ਸੀ। ਯੂਨਾਨੀ ਮਿਥਿਹਾਸ ਨੇ ਇਸ ਦੇਵੀ ਨੂੰ ਸਵੀਕਾਰ ਕਰ ਲਿਆ ਅਤੇ ਐਫ੍ਰੋਡਾਈਟ ਨੂੰ ਜ਼ਿਉਸ ਦੇਵਤਾ ਦੀ ਧੀ ਐਲਾਨ ਦਿੱਤਾ।

ਫੋਨੀਸ਼ੀਆ-ਕਨਾਨ ਦੀ ਅਸਤਾਰਤੇ (ਪੁਰਾਣੇ ਨੇਮ ਵਿੱਚ "ਅਸ਼ਤਾਰੋਥ") ਸਾਫ ਤੌਰ 'ਤੇ ਯੂਨਾਨੀਆਂ ਦੀ ਐਫ੍ਰੋਡਾਈਟ ਦੇ ਨਾਲ ਇਤਿਹਾਸਕ ਅਤੇ ਸਭਿਆਚਾਰਕ ਤੌਰ 'ਤੇ ਸੰਬੰਧਤ ਹੈ। ਕਨਾਨ ਦੇ ਜਣਨ-ਸੰਬੰਧੀ ਧਰਮ ਵਿੱਚ ਮੰਦਿਰਾਂ ਵਿੱਚ ਰਹਿਣ ਵਾਲੀਆਂ ਵੇਸਵਾਵਾਂ ਦਾ ਖਾਸ ਮਹੱਤਵ ਹੁੰਦਾ ਸੀ। ਹਾਲਾਂਕਿ ਯੂਨਾਨੀ ਨਗਰਾਂ ਵਿੱਚ ਇਹ ਪਰੰਪਰਾ ਵਧੇਰੇ ਪ੍ਰਚਲਿਤ ਨਹੀਂ ਸੀ, ਤਾਂ ਵੀ ਕੁਝ ਥਾਂਵਾਂ 'ਤੇ ਧਾਰਮਿਕ ਵੇਸਵਾਗਮਨ ਐਫ੍ਰੋਡਾਈਟ ਦੀ ਪੂਜਾ ਨਾਲ ਜੁੜਿਆ ਹੋਇਆ ਸੀ। ਯੂਨਾਨੀ ਭੂਗੋਲ ਸ਼ਾਸਤਰੀ ਸਟ੍ਰਾਬੋ ਮਸੀਹ ਦੇ ਜਨਮ ਤੋਂ ਤਿੰਨ ਦਹਾਕੇ ਪਹਿਲਾਂ ਕੁਰਿੰਥੁਸ ਵਿਚਲੇ ਨਵੇਂ-ਨਵੇਂ ਮੁੜ ਉਸਾਰੀ ਕੀਤੇ ਗਏ ਮੰਦਿਰ ਨੂੰ ਵੇਖਣ ਗਿਆ ਸੀ। ਉਸ ਨੇ ਲਿਖਿਆ, "ਅਤੇ ਆਫ੍ਰੋਡਾਈਟ ਦਾ ਮੰਦਿਰ ਐਨਾ ਧਨੀ ਸੀ ਕਿ ਉਸ ਵਿੱਚ ਇਕ ਹਜ਼ਾਰ ਤੋਂ ਵਧੇਰੇ ਮੰਦਿਰ ਦੇ ਸੇਵਾਦਾਰ, ਸੇਵਾਦਾਰਨੀਆਂ [ਵੇਸਵਾਵਾਂ] ਰਹਿੰਦੀਆਂ ਸਨ, ਜਿਨ੍ਹਾਂ ਨੂੰ ਪੁਰਸ਼ਾਂ ਅਤੇ ਇਸਤਰੀਆਂ ਨੇ ਇਸ ਦੇਵੀ ਨੂੰ ਅਰਪਣ ਕੀਤਾ ਹੋਇਆ ਸੀ।"[8] ਸਟ੍ਰਾਬੋ ਦੇ ਅਨੁਸਾਰ, ਐਫ੍ਰੋਡਾਈਟ ਦੇ ਧਰਮ ਅਤੇ ਵੇਸਵਾਗਮਨ ਨੇ ਨਗਰ ਨੂੰ ਧਨਵਾਨ ਬਣਾਇਆ ਸੀ।

ਕਮੈਂਟ੍ਰੀਆਂ ਅਕਸਰ ਸਟ੍ਰਾਬੋ ਦੀਆਂ ਟਿੱਪਣੀਆਂ ਦਾ ਹਵਾਲਾ ਇਸ ਪ੍ਰਮਾਣ ਵਜੋਂ ਦਿੰਦੀਆਂ ਹਨ ਕਿ ਜਦ ਪੌਲੁਸ ਕੁਰਿੰਥੁਸ ਵਿੱਚ ਆਇਆ ਸੀ, ਉਸ ਵੇਲੇ ਧਾਰਮਿਕ ਵੇਸਵਾਗਮਨ ਬਹੁਤ ਵਧੀਕ ਪ੍ਰਚਲਿਤ ਸੀ। ਇਹ ਜਾਣਕਾਰੀ 1 ਕੁਰਿੰਥੀਆਂ ਦੇ ਪਾਠਕਾਂ ਲਈ ਬਹੁਤ ਮਦਦਗਾਰ ਹੋਵੇਗੀ, ਖਾਸ ਕਰਕੇ ਉਸ ਹਿੱਸੇ ਲਈ ਜਿੱਥੇ ਪੌਲੁਸ ਵਿਭਚਾਰ ਬਾਰੇ ਗੱਲ ਕਰਦਾ ਹੈ। ਪਰ ਫਿਰ ਵੀ ਇਸ ਗੱਲ ਦੇ ਵੀ ਪੱਕੇ ਕਾਰਣ ਮਿਲਦੇ ਹਨ ਕਿ ਸਟ੍ਰਾਬੋ ਰੋਮ ਦੁਆਰਾ ਮੁੜ ਉਸਾਰੇ ਗਏ ਕੁਰਿੰਥੁਸ ਦਾ ਵੇਰਵਾ ਨਹੀਂ ਦੇ ਰਿਹਾ ਸੀ। ਜੇਰੋਮ ਮਰਫੀ-ਓਕੋਨੋਰ ਦੇ ਇਸ ਬਿਆਨ ਨੂੰ ਜਿਆਦਾਤਰ ਪੁਰਾਤਨ ਸ਼ਾਸਤਰੀਆਂ ਦੇ ਨਾਲ ਮੇਲ ਖਾਂਦਿਆਂ ਵੇਖਿਆ ਜਾ ਸਕਦਾ ਹੈ:

> . . . ਸੰਦਰਭ ਸਾਫ ਤੌਰ 'ਤੇ ਸੰਕੇਤ ਕਰਦਾ ਹੈ ਕਿ ਸਟ੍ਰਾਬੋ ਇੱਥੇ 146 ਈ. ਪੂ. ਦੇ ਨਗਰ ਦਾ ਹਵਾਲਾ ਦੇ ਰਿਹਾ ਹੈ [ਅਰਥਾਤ ਉਹ ਨਗਰ ਜਿਸ ਨੂੰ ਮੌਜੂਦਾ ਨਗਰ ਤੋਂ ਪਹਿਲਾਂ ਰੋਮੀਆਂ ਨੇ ਨਾਸ ਕਰ ਦਿੱਤਾ ਸੀ] ਅਤੇ ਉਸ ਨਵੀਂ ਉਸਾਰੀ ਗਈ ਰੋਮੀ ਬਸਤੀ ਦਾ ਨਹੀਂ ਜਿਸ ਵਿੱਚ ਉਹ 29 ਈ. ਪੂ. ਵਿੱਚ ਗਿਆ ਸੀ।[9]

ਇਸ ਤੋਂ ਇਲਾਵਾ, ਜ਼ਿਆਦਾਤਰ ਪੁਰਾਤਨ ਇਤਿਹਾਸਕਾਰ ਸਟ੍ਰਾਬੋ ਦੁਆਰਾ ਇੱਕ ਹਜ਼ਾਰ ਵੇਸਵਾਵਾਂ ਦੇ ਦਾਅਵੇ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ, ਇੱਥੋਂ ਤੱਕ ਕਿ 146 ਈ. ਪੂ. ਦੇ ਕੁਰਿੰਥੁਸ ਲਈ ਵੀ ਨਹੀਂ। ਸਟ੍ਰਾਬੋ ਸੁਣੀਆਂ-ਸੁਣਾਈਆਂ ਗੱਲਾਂ ਦੇ ਅਧਾਰ 'ਤੇ ਲਿਖ ਰਿਹਾ ਸੀ, ਅਤੇ ਨਵੇਂ ਲੇਖਕਾਂ ਵਾਂਗ ਪੁਰਾਤਨ ਲੇਖਕ ਵੀ ਸੈਕਸ ਸੰਬੰਧੀ ਮਸਲਿਆਂ ਨੂੰ ਸਨਸਨੀਖੇਜ਼ ਬਣਾਉਣਾ ਪਸੰਦ ਕਰਦੇ ਸਨ। ਐਫ੍ਰੋਡਾਈਟ ਦੇ ਜਿਸ ਮੰਦਿਰ ਵਿੱਚ ਵੇਸਵਾਵਾਂ ਦੀ ਭਰਮਾਰ ਹੋਣੀ ਸੀ ਉਹ ਐਕ੍ਰੋਕੁਰਿੰਥੁਸ 'ਤੇ ਬਣਿਆ ਹੋਣਾ ਚਾਹੀਦਾ ਸੀ, ਪੁਰਾਤੱਤਵ ਸ਼ਾਸਤਰੀਆਂ ਨੂੰ ਅਜਿਹੇ ਮੰਦਿਰ ਦੇ ਸ਼ਾਇਦ ਹੀ ਕਿਤੇ ਕੋਈ ਪ੍ਰਮਾਣ ਮਿਲੇ ਹਨ – ਉਹ ਵੀ

ਇਸ ਆਕਾਰ ਵਿੱਚ ਨਹੀਂ, ਜਿਸ ਵਿੱਚ ਇੱਕ ਹਜ਼ਾਰ ਵੇਸਵਾਵਾਂ ਰਹਿ ਸਕਦੀਆਂ ਹੋਣ।

ਇਸ ਦਾਅਵੇ ਉੱਤੇ ਹੋਰ ਵੀ ਵਧੇਰੇ ਸੰਦੇਹ ਕੀਤੇ ਜਾਂਦੇ ਹਨ ਕਿ ਜਦ ਪੌਲੁਸ ਨਗਰ ਵਿੱਚ ਆਇਆ ਸੀ ਤਾਂ ਉਸ ਦਾ ਸਾਹਮਣਾ ਇਨ੍ਹਾਂ ਧਾਰਮਿਕ ਵੇਸਵਾਵਾਂ ਨਾਲ ਹੋਇਆ ਹੋਵੇਗਾ। ਐਫ੍ਰੋਡਾਈਟ ਵਰਗੀ ਰੋਮੀ ਦੇਵੀ ਵੀਨਸ ਸੀ। ਜਿਸ ਕੁਰਿੰਥੁਸ ਵਿੱਚ ਪੌਲੁਸ ਆਇਆ ਸੀ ਉਹ ਇੱਕ ਰੋਮੀ ਨਗਰ ਸੀ। ਜੁਲੀਅਨ ਪਰਿਵਾਰ, ਜੋ ਕਿ ਕੈਸਰ ਦਾ ਆਪਣਾ ਪਰਿਵਾਰ ਸੀ, ਆਪਣੇ ਆਪ ਨੂੰ ਵੀਨਸ ਦੀ ਅੰਸ ਮੰਨਦਾ ਸੀ। ਉਨ੍ਹਾਂ ਦਾ ਦਾਅਵਾ ਸੀ ਕਿ ਉਨ੍ਹਾਂ ਦੀਆਂ ਰਗਾਂ ਵਿੱਚ ਇਸੇ ਦੇਵੀ ਦਾ ਲਹੂ ਦੌੜ੍ਹ ਰਿਹਾ ਹੈ। ਵੀਨਸ ਦੇ ਮੰਦਰ ਵਿੱਚ ਵੇਸਵਾਵਾਂ ਦੁਆਰਾ ਗ੍ਰਾਹਕਾਂ ਨੂੰ ਲੁਭਾਉਣ ਦਾ ਵਿਚਾਰ ਤੱਕ ਵੀ ਸ਼ਾਹੀ ਪਰਿਵਾਰ ਦੇ ਲਈ ਇੱਕ ਅਪਮਾਨ ਦੀ ਗੱਲ ਸੀ। ਅਜਿਹੇ ਹਾਲਾਤ ਦੀ ਸੰਭਾਵਨਾ ਹੀ ਨਹੀਂ ਸੀ।

ਕੁਰਿੰਥੁਸ ਕਾਮ-ਵਾਸ਼ਨਾਵਾਂ ਵਿੱਚ ਲਿਪਤ ਰਹਿਣ ਲਈ ਪ੍ਰਸਿੱਧ ਸੀ। ਸਟ੍ਰਾਬੋ ਨੇ ਇਸ ਹਾਲਾਤ ਉੱਤੇ ਟਿੱਪਣੀ ਕਰਦਿਆਂ ਇਹ ਅਖਾਣ ਆਖੀ: “ਕੁਰਿੰਥੁਸ ਦਾ ਸਫਰ ਹਰੇਕ ਪੁਰਸ਼ ਦੇ ਵਸ ਦੀ ਗੱਲ ਨਹੀਂ ਹੈ।”[10] ਸਮੁੰਦਰੀ ਕਪਤਾਨਾਂ ਅਤੇ ਵਪਾਰੀਆਂ ਦੀ ਆਵਾਜਾਈ ਨੇ ਕਾਮ-ਵਾਸ਼ਨਾਵਾਂ ਦਿਆਂ ਇਨ੍ਹਾਂ ਕੰਮਾਂ ਵਿੱਚ ਵਾਧਾ ਕੀਤਾ ਹੋਵੇਗਾ। ਪਰ ਫਿਰ ਵੀ, ਇਸ ਗੱਲ ਦੀ ਸੰਭਾਵਨਾ ਘੱਟ ਹੀ ਜਾਪਦੀ ਹੈ ਕਿ ਕੁਰਿੰਥੁਸ ਦੇ ਲੋਕ ਕਾਮ-ਵਾਸ਼ਨਾਵਾਂ ਵਿੱਚ ਓਨਾ ਲਿਪਤ ਰਹਿੰਦੇ ਹੋਣਗੇ ਜਿੰਨਾ ਹੋਰਨਾਂ ਯੂਨਾਨੀ-ਭਾਸ਼ੀ ਮਹਾਂਨਗਰਾਂ ਵਿੱਚ ਹੁੰਦਾ ਸੀ। ਵੇਸਵਾਗਮਨ ਹਰ ਪਾਸੇ ਵੇਖਿਆ ਜਾ ਸਕਦਾ ਸੀ। ਸੰਮਲੈਂਗਿਕਤਾ ਵੀ ਆਮ ਸੀ ਅਤੇ ਪਰ ਇਸ ਤੋਂ ਘਿਰਣਾ ਵੀ ਕੀਤੀ ਜਾਂਦੀ ਸੀ। ਮਨੁੱਖੀ ਜਾਨ ਦਾ ਮੁੱਲ ਬਹੁਤ ਸਸਤਾ ਸੀ। ਭਰੂਣ ਹੱਤਿਆ ਬਹੁਤ ਆਮ ਗੱਲ ਸੀ, ਜਾਂ ਫਿਰ ਜਨਮ ਹੋ ਜਾਣ ਤੋਂ ਬਾਅਦ ਵੀ ਉਨ੍ਹਾਂ ਨੂੰ ਕੁਦਰਤ ਦੇ ਆਸਰੇ ਛੱਡ ਦਿੱਤਾ ਜਾਂਦਾ ਸੀ। ਯਹੂਦੀ ਰੱਬੀਆਂ ਦੇ ਕੋਲ ਵਾਜਿਬ ਕਾਰਣ ਸਨ ਕਿ ਗੈਰ-ਯਹੂਦੀਆਂ ਦੀ ਨੈਤਿਕਤਾ ਨਾਲ ਘਿਰਣਾ ਕਰਨ।

ਹੋਰਨਾ ਯੂਨਾਨੀ ਨਗਰਾਂ ਵਾਂਗ ਕੁਰਿੰਥੁਸ ਵਿੱਚ ਵੀ ਦੇਵੀ-ਦੇਵਤਿਆਂ ਦੀ ਭਰਮਾਰ ਸੀ। ਅਪੋਲੋ ਅਤੇ ਐਫ੍ਰੋਡਾਈਟ/ਵੀਨਸ ਤੋਂ ਇਲਾਵਾ ਪਰੀਆਂ ਅਤੇ ਵਨ-ਦੇਵਤਾ ਵਰਗੇ ਛੋਟੇ ਦੇਵ ਵੀ ਹਰੇਕ ਝਰਨੇ ਕੋਲ ਅਤੇ ਹਰੇਕ ਬਗੀਚੇ ਵਿੱਚ ਵੇਖੇ ਜਾ ਸਕਦੇ ਸਨ। ਜਦ ਪੌਲੁਸ ਕੁਰਿੰਥੁਸ ਵਿੱਚ ਘੁੰਮ ਰਿਹਾ ਸੀ, ਤਾਂ ਉਸ ਦਾ ਸਾਹਮਣਾ ਓਲਮਪਿਅਨ ਦੇਵਤਿਆਂ ਅਤੇ ਨਾਇਕਾਂ ਦੀਆਂ ਮੂਰਤੀਆਂ ਅਤੇ ਦਰਗਾਹਾਂ ਨਾਲ ਹੋਇਆ ਹੋਵੇਗਾ, ਜਿੱਥੇ ਉਸ ਨੇ ਦੇਵਤਿਆਂ, ਦੇਵੀਆਂ, ਪਰੀਆਂ ਅਤੇ ਵਨ-ਦੇਵਤਿਆਂ ਨੂੰ ਆਮਤੌਰ ’ਤੇ ਲੱਚਰ ਹਾਲਾਤ ਵਿੱਚ ਦਰਸਾਉਣ ਵਾਲੀ ਚਿੱਤਰਕਾਰੀ ਵੀ ਵੇਖੀ ਹੋਵੇਗੀ।

ਐਸਲੇਪਿਯਸ ਅਤੇ ਦੇਮੇਤੇਰ ਦਾ ਜ਼ਿਕਰ ਵੀ ਕੀਤਾ ਜਾਣਾ ਚਾਹੀਦਾ ਹੈ। ਚੰਗਾਈ ਦੇ ਦੇਵਤਾ ਐਸਲੇਪਿਯਸ ਨੂੰ ਅਰਪਿਤ ਮੰਦਿਰ ਰੋਮਨ ਫੋਰਮ ਦੇ ਪੱਛਮ ਵੱਲ ਕੀਤੀ ਗਈ ਖੁਦਾਈ ਵੇਲੇ ਨਗਰ ਦੀ ਕੰਧ ਵਿੱਚੋਂ ਸਾਹਮਣੇ ਆਇਆ ਹੈ। ਕੁਰਿੰਥੁਸ ਇਸ ਦੇਵਤੇ ਦੇ ਕਾਰਣ ਚੰਗਾਈ ਦਾ ਇੱਕ ਕੇਂਦਰ ਬਣ ਗਿਆ ਸੀ। ਕੌਸ ਟਾਪੂ ਅਤੇ ਏਸ਼ੀਆ ਦੇ ਪਰਗਮੁਮ ਵਿਚਲੇ ਚੰਗਾਈ ਕੇਂਦਰਾਂ ਦੇ ਨਾਲ-ਨਾਲ ਪੂਰਬੀ ਪੇਲੋਪੋਨੇਸੁਸ ਦੇ ਏਪੀਦੌਰੁਸ[11] ਵਿੱਚ ਯਾਤਰੀਆਂ ਦੀ ਭੀੜ ਲੱਗੀ ਰਹਿੰਦੀ ਸੀ। ਐਸਲੇਪਿਯਸ ਯੂਨਾਨ ਦੇਸ ਵਿੱਚ ਆਇਆ ਇੱਕ ਨਵਾਂ ਦੇਵਤਾ ਸੀ, ਪਰ ਫਿਰ ਵੀ ਉਹ ਯੂਨਾਨੀ ਲੋਕਾਂ ਵਿੱਚ ਇੱਕ ਹਰਮਨਪਿਆਰਾ ਦੇਵਤਾ ਬਣ ਗਿਆ ਸੀ। ਪੁਰਾਤੱਤਵ ਸ਼ਾਸਤਰੀਆਂ ਨੂੰ ਕੁਰਿੰਥੁਸ ਵਿੱਚ ਐਸਲੇਪਿਯਸ ਦੇ ਮੰਦਿਰ ਵਿੱਚ ਮਿੱਟੀ ਦੇ ਬਣੇ ਸਰੀਰਕ ਅੰਗਾਂ ਦਾ ਭੰਡਾਰ ਮਿਲਿਆ ਸੀ। ਇਹ ਸ਼ਾਇਦ ਇਸ ਕਰਕੇ ਚੜ੍ਹਾਏ ਜਾਂਦੇ ਕਿ

ਦੇਵਤਾ ਨੂੰ ਚੇਤੇ ਕਰਾਇਆ ਜਾਵੇ ਕਿ ਕਿਸ ਅੰਗ ਦੀ ਚੰਗਾਈ ਲਈ ਖਾਸ ਕਰਕੇ ਬੇਨਤੀ ਕੀਤੀ ਗਈ ਹੈ ਜਾਂ ਫਿਰ ਇਸ ਕਰਕੇ ਭਈ ਜਿਹੜੀ ਚੰਗਾਈ ਮਿਲੀ ਹੈ ਉਸ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਜਦ ਪੌਲੁਸ ਇਸ ਨਗਰ ਵਿੱਚ ਪੁੱਜਿਆ ਸੀ ਤਾਂ ਉਸ ਵੇਲੇ ਵੀ ਬਹੁਤ ਲੋਕ ਇਸ ਮੰਦਿਰ ਵਿੱਚ ਜਾਂਦੇ ਹੁੰਦੇ ਸਨ।

ਨਗਰ ਦੇ ਉੱਤਰ ਵਿੱਚ, ਐਕ੍ਰੋਕੁਰਿੰਥੁਸ ਦੀਆਂ ਢਲਾਨਾਂ ਉੱਤੇ ਦੇਮੇਤੇਰ ਅਤੇ ਉਸ ਦੀ ਧੀ ਪੇਰਸੇਫੋਨੇ ਦੇ ਮੰਦਿਰ ਦੇ ਖੰਡਹਰ ਵੇਖੇ ਜਾ ਸਕਦੇ ਹਨ। ਅਜਿਹਾ ਜਾਪਦਾ ਹੈ ਕਿ ਇਸਤਰੀਆਂ ਇਸ ਥਾਂ ’ਤੇ ਸੰਗਤੀ ਕਰਨ ਅਤੇ ਇਕੱਠੇ ਭੋਜਨ ਕਰਨ ਲਈ ਆਉਂਦੀਆਂ ਹੁੰਦੀਆਂ ਸਨ। ਪੁਰਾਤੱਤਵ ਸ਼ਾਸਤਰੀਆਂ ਨੂੰ ਜ਼ਮੀਨ ਵਿੱਚੋਂ ਹੋਰ ਵਸਤੂਆਂ ਦੇ ਨਾਲ-ਨਾਲ ਪੱਥਰ ਦੀਆਂ ਤਖਤੀਆਂ ਵੀ ਮਿਲੀਆਂ ਹਨ। ਉਨ੍ਹਾਂ ਉੱਤੇ ਸਰਾਪ ਲਿਖੇ ਹੋਏ ਸਨ। ਜਦ ਦੇਵੀ ਦੀ ਕਿਸੇ ਭਗਤਣੀ ਦਾ ਕਿਸੇ ਨਾਲ ਝਗੜਾ ਹੁੰਦਾ ਸੀ ਤਾਂ ਇੱਕ ਤਖਤੀ ਉੱਤੇ ਉਸ ਦੇ ਲਈ ਸਰਾਪ ਲਿਖ ਕੇ ਮੰਦਿਰ ਦੇ ਮੈਦਾਨ ਵਿੱਚ ਦੱਬ ਦਿੰਦੀ ਸੀ ਅਤੇ ਦੇਵੀ ਅੱਗੇ ਬੇਨਤੀ ਕਰਦੀ ਸੀ ਕਿ ਉਹ ਬਦਲਾ ਲਵੇ। ਮਿਥਿਹਾਸ ਵਿੱਚ ਪੇਰਸੇਫੋਨੇ ਦੇ ਹੇਠਲੇ ਸੰਸਾਰ ਦੇ ਦੇਵ ਪਲੂਟੋ ਨਾਲ ਸੰਬੰਧ ਸਨ। ਅਜਿਹੇ ਦੇਵੀ-ਦੇਵਤੇ ਉਸ ਵੇਲੇ ਖਾਸਤੌਰ ’ਤੇ ਫਾਇਦੇਮੰਦ ਮੰਨੇ ਜਾਂਦੇ ਸਨ ਜਦੋਂ ਕੋਈ ਕਿਸੇ ਵੈਰੀ ਨੂੰ ਸਰਾਪ ਦੇਣਾ ਚਾਹੁੰਦਾ ਸੀ।

ਕੁਰਿੰਥੁਸ ਅਤੇ ਚੁਫੇਰੇ ਦੇ ਇਲਾਕਿਆਂ ਵਿੱਚ ਜਿਨ੍ਹਾਂ ਦੇਵੀ-ਦੇਵਤਿਆਂ ਨੂੰ ਪੂਜਿਆ ਜਾਂਦਾ ਸੀ, ਉਹ ਬਾਕੀਆਂ ਨਾਲੋਂ ਨਵੇਂ ਸਨ। ਪੂਰਬ ਤੋਂ ਆਏ ਰਹੱਸਮਈ ਧਰਮ ਵਧੇਰੇ ਪ੍ਰਚਲਿਤ ਸਨ। ਏਸ਼ੀਆ ਮਾਈਨਰ ਵਿੱਚ ਪੁਰਾਤੱਤਵ ਸ਼ਾਸਤਰੀਆਂ ਨੂੰ ਇੱਕ ਮੋਟੀ ਬੁੱਢੀ ਸੀਬੇਲ ਅਤੇ ਉਸ ਦੇ ਨਾਲ ਮੇਲ ਖਾਂਦੀ ਜੁਆਨ ਇਸਤਰੀ ਅਡੋਨਿਸ ਦੀਆਂ ਤਸਵੀਰਾਂ ਮਿਲੀਆਂ ਹਨ। ਕੰਖਰਿਯਾ ਵਿੱਚ ਇੱਕ ਪੁਰਾਤਨ ਮਿਸਰੀ ਦੇਵੀ ਆਇਸਿਸ ਦਾ ਧਾਰਮਿਕ ਕੇਂਦਰ ਬਹੁਤ ਪ੍ਰਸਿੱਧ ਹੋ ਰਿਹਾ ਸੀ। ਪੌਲੁਸ ਦੇ ਸਮੇਂ ਤੱਕ ਸੀਬੇਲ ਅਤੇ ਆਇਸਿਸ, ਦੋਵਾਂ ਨੂੰ ਹੀ ਰਹੱਸਮਈ ਸੰਸਕਾਰਾਂ ਅਤੇ ਪਰੰਪਰਾਵਾਂ ਨੂੰ ਜੋੜ ਕੇ ਪੂਰੀ ਤਰ੍ਹਾਂ ਯੂਨਾਨੀ ਸਭਿਆਚਾਰ ਵਿੱਚ ਸਵੀਕਾਰ ਕਰ ਲਿਆ ਗਿਆ ਸੀ।

ਰੋਮੀ ਕੁਰਿੰਥੁਸ ਵਿੱਚ ਇੱਕ ਹੋਰ ਧਾਰਮਿਕ ਤਾਕਤ ਜ਼ਿਕਰਯੋਗ ਹੈ। ਪੁਰਾਤੱਤਵ ਸ਼ਾਸਤਰੀਆਂ ਨੇ ਕੁਰਿੰਥੁਸ ਦੇ ਫੋਰਮ ਦੇ ਨੇੜੇ ਇੱਕ ਮੰਚ ਉੱਤੇ ਬਣੇ ਵਿਸ਼ਾਲ ਮੰਦਿਰ ਦੀਆਂ ਨੀਹਾਂ ਅਤੇ ਖੰਡਹਰਾਂ ਦੇ ਅੰਸ਼ ਕੱਢੇ ਹਨ। ਉਸਾਰੀ ਦੀ ਅਜਿਹੀ ਸ਼ੈਲੀ ਯੂਨਾਨੀ ਮੰਦਿਰਾਂ ਦੀ ਨਾ ਹੋ ਕੇ ਰੋਮੀ ਮੰਦਿਰਾਂ ਦੀ ਹੁੰਦੀ ਸੀ। ਇਸ ਦਾ ਸਰਬਉੱਤਮ ਅੰਦਾਜਾ ਇਹੋ ਲਗਾਇਆ ਜਾ ਸਕਦਾ ਹੈ ਕਿ ਇਹ ਮੰਦਿਰ ਕੁਰਿੰਥੁਸ ਦੀ ਸਮਰਾਟ ਪੂਜਾ ਦਾ ਇੱਕ ਹਿੱਸਾ ਸੀ। ਸੰਭਾਵਨਾ ਇਹ ਹੈ ਕਿ ਇਹ ਇਸ ਦੀ ਉਸਾਰੀ ਔਗਸਤੁਸ ਦੀ ਮ੍ਰਿਤਕ ਪਤਨੀ ਅਤੇ ਤਿਬੇਰਿਯੁਸ ਦੀ ਮਾਤਾ ਲਿਵੀਆ ਦੇ ਸਨਮਾਨ ਵਿੱਚ ਕੀਤੀ ਗਈ ਸੀ। ਪੌਲੁਸ ਦੇ ਸਮੇਂ ਤੱਕ ਸਮਰਾਟ ਪੂਜਾ ਜੜ੍ਹਾਂ ਫੜ ਚੁੱਕੀ ਸੀ, ਪਰ ਸ਼ਾਹੀ ਪਰਿਵਾਰ ਦੇ ਸਿਰਫ ਮ੍ਰਿਤਕ ਮੈਂਬਰਾਂ ਦੀ ਹੀ ਪੂਜਾ ਕੀਤੀ ਜਾਂਦੀ ਸੀ। ਸਮਰਾਟ ਪੂਜਾ ਕੁਝ-ਕੁਝ ਪੂਰਵਜਾਂ ਦੀ ਪੂਜਾ ਵਰਗੀ ਹੀ ਸੀ, ਪਰ ਪੂਜਾ ਦੇ ਜੋਗ ਉਹੀ ਮੈਂਬਰ ਮੰਨੇ ਜਾਂਦੇ ਸਨ ਜਿਨ੍ਹਾਂ ਨੂੰ ਰੋਮੀ ਸੰਸਦ ਵੱਲੋਂ ਦੇਵਤਿਆਂ ਦਾ ਦਰਜਾ ਦਿੱਤਾ ਜਾਂਦਾ ਸੀ। ਪਹਿਲੀ ਸਦੀ ਵਿੱਚ ਕਾਲੀਗੁਲਾ ਅਤੇ ਨੀਰੋ ਵਰਗੇ ਕੁਝ ਸਨਕੀ ਸਮਰਾਟਾਂ ਨੇ ਆਪਣੇ ਜੀਵਨਕਾਲ ਵਿੱਚ ਹੀ ਆਹਣੇ ਆਪ ਨੂੰ ਦੇਵਤਾ ਐਲਾਨ ਕਰ ਦਿੱਤਾ ਸੀ। ਜਦ ਪੌਲੁਸ ਉੱਥੇ ਪੁੱਜਾ ਤਾਂ ਸਮਰਾਟ ਪੂਜਾ ਦਾ ਗੁਲਾਮਾਂ ਨੂੰ ਡਰਾ ਧਮਕਾ ਕੇ ਅਧੀਨ ਰੱਖਣ ਨਾਲ ਕੋਈ ਸੰਬੰਧ ਨਹੀਂ ਸੀ। ਹੋਰਨਾਂ ਧਾਰਮਿਕ ਸੰਸਥਾਨਾਂ ਵਾਂਗ ਸਮਰਾਟ ਪੂਜਾ ਵੀ ਆਤਮਕ ਤਾਕਤਾਂ

ਨੂੰ ਇਸ ਦਰਜੇ ਦਾ ਦੱਸਦੀ ਸੀ ਜਿਹੜੀਆਂ ਆਮ ਲੋਕਾਂ ਦੇ ਪ੍ਰਭਾਵ ਤੋਂ ਬਾਹਰ ਸਨ।

ਕੁਰਿੰਥੁਸ ਵਿੱਚ ਪੌਲੁਸ ਨੂੰ ਅਜਿਹਾ ਭਰਪੂਰ ਅਤੇ ਵੰਨ-ਸੁਵੰਨਾ ਧਾਰਮਿਕ ਮਾਹੌਲ ਵੇਖਣ ਨੂੰ ਮਿਲਿਆ ਹੋਵੇਗਾ ਜਿਸ ਦੀਆਂ ਜੜ੍ਹਾਂ ਕਈ ਸਦੀਆਂ ਤੋਂ ਫੈਲ ਰਹੀਆਂ ਸਨ। ਉਸ ਦਾ ਸੁਨੇਹਾ ਇਹ ਸੀ ਕਿ ਸਥਾਨਕ ਲੋਕ ਜਿੰਨਿਆਂ ਵੀ ਦੇਵਤਿਆਂ ਦੀ ਪੂਜਾ ਕਰ ਰਹੇ ਸਨ ਉਹ ਸਿਰਫ ਨਿਕੰਮੀਆਂ ਮੂਰਤੀਆਂ ਸਨ। ਇੱਕਮਾਤਰ ਸੱਚੇ ਪਰਮੇਸ਼ੁਰ ਨੇ ਆਪਣੇ ਆਪ ਨੂੰ ਮੂਸਾ ਅਤੇ ਪੁਰਾਣੇ ਨੇਮ ਦੇ ਨਬੀਆਂ ਦੇ ਰਾਹੀਂ ਇਸਰਾਏਲ ਉੱਤੇ ਪਰਗਟ ਕੀਤਾ ਸੀ; ਅਤੇ ਫਿਰ ਨਵੇਂ ਨੇਮ ਵਿੱਚ ਉਸ ਨੇ ਆਪਣੇ ਆਪ ਨੂੰ ਸਭਨਾਂ ਲੋਕਾਂ ਉੱਤੇ ਸਲੀਬ ਚਾੜ੍ਹੇ ਗਏ ਯਿਸੂ ਮਸੀਹ ਦੇ ਰਾਹੀਂ ਪਰਗਟ ਕੀਤਾ ਸੀ। ਇਨ੍ਹਾਂ ਮੂਰਤੀਪੂਜਕ ਲੋਕਾਂ ਨੂੰ ਜੀਉਂਦੇ ਪਰਮੇਸ਼ੁਰ ਬਾਰੇ ਸਿਖਾਉਣਾ ਬਹੁਤ ਔਖਾ ਕੰਮ ਰਿਹਾ ਹੋਵੇਗਾ।

## ਕੁਰਿੰਥੁਸ ਵਿੱਚ ਇੱਕ ਮਸੀਹੀ ਸਮਾਜ ਦੀ ਉਸਾਰੀ

ਕੁਰਿੰਥੁਸ ਪੁੱਜ ਕੇ ਪੌਲੁਸ ਨੂੰ ਨਗਰ ਦੀਆਂ ਗਲੀਆਂ ਅਤੇ ਸੜਕਾਂ ਦੀ ਜਾਣਕਾਰੀ ਪ੍ਰਾਪਤ ਕਰਨ ਦੀ ਲੋੜ ਸੀ। ਛੇਤੀ ਹੀ ਉਹ ਯਹੂਦੀ ਸਮਾਜ ਦੀ ਭਾਲ ਕਰਨ ਲਈ ਤੁਰ ਪਿਆ। ਰੋਮੀ ਸੰਸਾਰ ਦੇ ਲਗਭਗ ਹਰੇਕ ਮਹਾਂਨਗਰ ਵਿੱਚ ਯਹੂਦੀ ਸਮਾਜ ਦੇ ਲੋਕ ਪਾਏ ਜਾਂਦੇ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਗੁਲਾਮ ਜਾਂ ਸੁਤੰਤਰ ਹੋ ਚੁੱਕੇ ਗਰੀਬ ਲੋਕ ਸਨ, ਪਰ ਬਾਕੀ ਦੇ ਲੋਕ ਵਪਾਰੀ ਜਾਂ ਸ਼ਾਹੂਕਾਰ ਸਨ। ਉਨ੍ਹਾਂ ਦੇ ਯਹੂਦੀ-ਸਭਾਘਰਾਂ ਵਿੱਚ ਉਹ ਛੋਟੇ-ਛੋਟੇ ਕਮਰੇ ਬਣਾਉਂਦੇ ਹੁੰਦੇ ਸਨ ਜਿਨ੍ਹਾਂ ਵਿੱਚ ਪਿੰਡਾਂ ਤੋਂ ਆਉਣ ਵਾਲੇ ਯਾਤਰੀ ਠਹਿਰ ਸਕਦੇ ਸਨ। ਨਹੀਂ ਤਾਂ ਕੋਸ਼ੇਰ ਭੋਜਨ ਦੀ ਭਾਲ ਕਰਨਾ ਬਹੁਤ ਔਖਾ ਕੰਮ ਹੋ ਸਕਦਾ ਸੀ। ਸੰਭਾਵਨਾ ਹੈ ਕਿ ਰਸੂਲ ਪੌਲੁਸ ਨੇ ਵੀ ਆਪਣੇ ਲਈ ਅਜਿਹਾ ਹੀ ਕੋਈ ਕਮਰਾ ਲਿਆ ਹੋਵੇਗਾ।

ਕੁਰਿੰਥੁਸ ਦੇ ਪੁਰਾਤੱਤਵ ਅਜਾਇਬਘਰ ਵਿੱਚ ਇੱਕ ਸ਼ਿਲਾ-ਲੇਖ ਨੂੰ ਪ੍ਰਦਰਸ਼ਨੀ ਵਿੱਚ ਲਗਾਇਆ ਗਿਆ ਹੈ, ਜੋ ਇੱਕ ਪੁਰਾਤਨ ਯਹੂਦੀ-ਸਭਾਘਰ ਦੇ ਪ੍ਰਵੇਸ਼ ਦੁਆਰ ਦਾ ਹਿੱਸਾ ਜਾਪਦੀ ਹੈ। ਯੂਨਾਨੀ ਸ਼ਬਦਾਂ ਦਾ ਇੱਕ ਹਿੱਸਾ ਪੜ੍ਹਣ ਲਾਇਕ ਹੈ ਜਿਸ ਵਿੱਚ ਲਿਖਿਆ ਹੈ, "ਇਬਰਾਨੀਆਂ ਦਾ ਸਭਾਘਰ।" ਇਹ ਪੱਥਰ ਹੋਰ ਕਿਸੇ ਵੀ ਅੰਸ਼ ਤੋਂ ਬਿਨਾ ਮਿਲਿਆ ਹੈ, ਜਿਹੜਾ ਲਗਭਗ ਇੱਕ ਹਜ਼ਾਰ ਵਰ੍ਹੇ ਪਹਿਲਾਂ ਦਾ ਜਾਪਦਾ ਹੈ ਅਤੇ ਅਰੰਭਕ ਪੁਰਾਤੱਤਵ ਖੁਦਾਈ ਵਿੱਚ ਮਿਲਿਆ ਸੀ। ਇਸ ਸ਼ਿਲਾ-ਲੇਖ ਦੀ ਮਿਤੀ ਦਾ ਨਿਰਧਾਰਣ ਕਰਨਾ ਔਖਾ ਹੈ; ਪਰ ਲਿਖੇ ਜਾਣ ਦੀ ਸ਼ੈਲੀ ਦੇ ਅਧਾਰ 'ਤੇ ਜ਼ਿਆਦਾਤਰ ਤਜਰਬੇਕਾਰ ਲੋਕ ਮੰਨਦੇ ਹਨ ਕਿ ਇਹ ਪੌਲੁਸ ਦੇ ਆਉਣ ਤੋਂ ਕੁਝ ਸੈਕੜੇ ਵਰ੍ਹੇ ਬਾਅਦ ਦਾ ਹੈ। ਇਹ ਪੱਥਰ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਨਗਰ ਵਿੱਚ ਯਹੂਦੀ ਲੋਕ ਰਹਿੰਦੇ ਸਨ।

ਨਿਰਸੰਦੇਹ ਯਹੂਦੀ-ਸਭਾਘਰ ਵਿੱਚ ਬੰਦਗੀ ਕਰਨ ਵਾਲਿਆਂ ਵਿੱਚੋਂ ਹੀ ਪੌਲੁਸ ਨੂੰ ਇੱਕ ਜੋੜਾ ਮਿਲਿਆ ਸੀ ਜਿਸ ਦੇ ਨਾਲ ਉਸ ਦੇ ਜੀਵਨ ਦਾ ਇੱਕ ਲੰਮਾ ਹਿੱਸਾ ਕੱਟਣ ਵਾਲਾ ਸੀ। ਉਨ੍ਹਾਂ ਦਾ ਨਾਮ ਅਕੂਲਾ ਅਤੇ ਪ੍ਰਿਸਕਿੱਲਾ ਸੀ, ਜਾਂ ਫਿਰ ਉਨ੍ਹਾਂ ਨੂੰ ਉਸ ਨਾਮ ਤੋਂ ਵੀ ਸੱਦਿਆ ਜਾ ਸਕਦਾ ਹੈ ਜਿਸ ਨੂੰ ਪੌਲੁਸ ਨੇ ਆਮਤੌਰ 'ਤੇ ਇਸਤੇਮਾਲ ਕੀਤਾ, "ਅਕੂਲਾ ਅਤੇ ਪ੍ਰਿਸਕਾ" (16:19)। ਉਹ ਅਜਿਹੇ ਵਪਾਰੀ ਸਨ ਜਿਨ੍ਹਾਂ ਨੇ ਬਹੁਤ ਯਾਤਰਾ ਕੀਤੀ ਹੋਈ ਸੀ ਅਤੇ ਉਹ ਚਮੜੇ ਦੀਆਂ ਵਸਤਾਂ ਅਤੇ ਤੰਬੂ ਬਣਾਉਣ ਦਾ ਕੰਮ ਕਰਦੇ ਸਨ (ਰਸੂਲਾਂ ਦੇ ਕਰਤੱਬ 18:3)। ਹਾਲ ਹੀ ਵਿੱਚ ਉਹ ਰੋਮ ਤੋਂ ਕੁਰਿੰਥੁਸ ਆਏ ਸਨ; ਪਰ ਉਨ੍ਹਾਂ ਦਾ ਜੱਦੀ ਇਲਾਕਾ ਰੋਮ ਦਾ ਪੁੰਤੁਸ ਸੂਬਾ ਸੀ, ਜਿਹੜਾ ਕਾਲੇ ਸਾਗਰ ਦੇ ਦੱਖਣੀ ਕਿਨਾਰੇ 'ਤੇ ਪੂਰਬ ਤੋਂ ਲੈ ਕੇ

ਪੱਛਮ ਤੱਕ ਫੈਲਿਆ ਸੀ। ਉਨ੍ਹਾਂ ਦਾ ਆਪਣਾ ਨਗਰ ਸਿਨੋਪੇ ਹੋ ਸਕਦਾ ਹੈ, ਜਿਹੜਾ ਕਾਰੋਬਾਰ ਲਈ ਇੱਕ ਪ੍ਰਸਿੱਧ ਨਗਰ ਸੀ। ਲੂਕਾ ਉਨ੍ਹਾਂ ਹਾਲਾਤਾਂ ਬਾਰੇ ਨਹੀਂ ਦੱਸਦਾ ਜਿਸ ਦੇ ਕਾਰਣ ਉਹ ਰੋਮ ਆਏ ਸਨ, ਪਰ ਸਾਰੇ ਸਾਮਰਾਜ ਦੇ ਕਾਰੋਬਾਰ ਦੇ ਸੜਕ ਅਤੇ ਸਮੁੰਦਰੀ ਮਾਰਗ ਇਸ ਇਤਾਲੀਆ ਦੇ ਪ੍ਰਾਇਦੀਪ ਨੂੰ ਜਾਂਦੇ ਸਨ। ਸੰਭਾਵਨਾ ਇਹ ਹੈ ਕਿ ਇਸ ਜੋੜੇ ਵੱਲੋਂ ਸਿਨੋਪੇ ਅਤੇ ਪੁੰਤੁਸ ਸੂਬੇ ਦੇ ਹੋਰਨਾਂ ਨਗਰਾਂ ਵਿੱਚ ਤਿਆਰ ਕੀਤੇ ਗਏ ਸਮਾਨ ਨੂੰ ਵੇਚਣ ਦਾ ਥਾਂ ਰੋਮ ਵਿੱਚ ਮਿਲਦਾ ਸੀ। ਪਰ ਫਿਰ ਵੀ ਰੋਮ ਵਿੱਚ ਉਨ੍ਹਾਂ ਦੇ ਵਸੇਬੇ ਵਿੱਚ ਰੁਕਾਵਟ ਆ ਗਈ। ਉਨ੍ਹਾਂ ਦੇ ਵੱਸ ਤੋਂ ਬਾਹਰ ਹੋਈਆਂ ਰਾਜਨੈਤਿਕ ਘਟਨਾਵਾਂ ਨੇ ਉਨ੍ਹਾਂ ਨੂੰ ਦੇਸ ਛੱਡਣ ਉੱਤੇ ਮਜਬੂਰ ਕਰ ਦਿੱਤਾ (ਰਸੂਲਾਂ ਦੇ ਕਰਤੱਬ 18:2)।

ਅਕੂਲਾ ਅਤੇ ਪ੍ਰਿਸਕਿੱਲਾ ਦੇ ਕੁਰਿੰਥੁਸ ਵਿੱਚ ਪੁੱਜਣ ਵੇਲੇ ਦੇ ਸਮੇਂ ਦੇ ਦੌਰਾਨ ਹੋਏ ਰੋਮੀ ਇਤਹਾਸਕਾਰਾਂ ਨੇ ਇਸ ਵੇਲੇ ਦੇ ਦੌਰਾਨ ਰੋਮ ਵਿਚਲੇ ਯਹੂਦੀ ਸਮਾਜ ਵਿੱਚ ਆਈ ਖਲਬਲੀ ਬਾਰੇ ਲਿਖਿਆ। ਦੂਜੀ ਸਦੀ ਦੇ ਅਰੰਭ ਵਿੱਚ ਲਿਖਦਿਆਂ ਸੁਟੋਨਿਯੁਸ ਨੇ ਦਰਜ ਕੀਤਾ ਕਿ ਪੌਲੁਸ ਦੇ ਕੁਰਿੰਥੁਸ ਵਿੱਚ ਪੁੱਜਣ ਤੋਂ ਇੱਕ ਜਾਂ ਦੋ ਸਾਲ ਪਹਿਲਾਂ ਸਮਰਾਟ ਕਲੌਦਿਯੁਸ ਨੇ ਯਹੂਦੀਆਂ ਨੂੰ ਰੋਮ ਵਿੱਚੋਂ ਦੇਸਨਿਕਾਲਾ ਦੇ ਦਿੱਤਾ ਸੀ। ਇਸ ਇਤਹਾਸਕਾਰ ਨੇ ਲਿਖਿਆ ਕਿ ਇਹ ਖਲਬਲੀ "ਖ੍ਰੇਸਤੁਸ ਵੱਲੋਂ ਭੜਕਾਏ ਜਾਣ ਦੇ ਕਾਰਣ" ਆਈ ਸੀ।[12] "ਖ੍ਰੇਸਤੁਸ" ਦੀ ਪਛਾਣ ਬਹੁਤ ਸਾਰੇ ਸੰਦੇਹਾਂ ਦਾ ਵਿਸ਼ਾ ਰਹੀ ਸੀ। ਇਸ ਨਾਮ ਦਾ ਅਰਥ ਹੈ "ਕਿਰਪਾਲੂ" ਜਾਂ "ਉਦਾਰ" ਅਤੇ ਲਾਤੀਨੀ ਬੋਲਣ ਵਾਲੇ ਗੁਲਾਮ ਇਸ ਨਾਮ ਨੂੰ ਅਕਸਰ ਆਪਣੇ ਨਾਮ ਦੇ ਨਾਲ ਜੋੜਦੇ ਸਨ। ਇਸ ਗੱਲ ਦੀ ਸੰਭਾਵਨਾ ਬਹੁਤ ਘੱਟ ਜਾਪਦੀ ਹੈ ਕਿ "ਖ੍ਰੇਸਤੁਸ" ਨਾਮ ਦੇ ਕਿਸੇ ਅਣਜਾਣ ਵਿਅਕਤੀ ਨੇ ਯਹੂਦੀ ਸਮਾਜ ਨੂੰ ਕਿਸੇ ਆਮ ਜਿਹੀ ਸ਼ਿਕਾਇਤ ਨੂੰ ਲੈ ਕੇ ਭੜਕਾਇਆ ਹੋਵੇਗਾ। ਇਸ ਤੋਂ ਇਲਾਵਾ "ਖ੍ਰੇਸਤੁਸ" ਨਾਮ "ਖ੍ਰੀਸਤ" ਲਈ ਇਸਤੇਮਾਲ ਕੀਤੇ ਜਾਂਦੇ ਲਾਤੀਨੀ ਸ਼ਬਦ "ਖ੍ਰਿਸਤੁਸ" ਦੇ ਨਾਲ ਬਹੁਤ ਮੇਲ ਖਾਂਦਾ ਹੈ। ਇਸ ਘਟਨਾਕ੍ਰਮ ਤੋਂ ਲਗਭਗ ਪੰਜਾਹ ਵਰ੍ਹੇ ਬਾਅਦ ਲਿਖਦਿਆਂ ਅਤੇ ਯਹੂਦੀ ਸਮਾਜ ਬਾਰੇ ਬਹੁਤ ਘੱਟ ਜਾਣਕਾਰੀ ਪ੍ਰਾਪਤ ਹੋਣ ਕਾਰਣ ਸੁਟੋਨਿਯੁਸ ਸ਼ਾਇਦ "ਖ੍ਰਿਸਤੁਸ" ਨੂੰ "ਖ੍ਰੇਸਤੁਸ" ਸਮਝ ਬੈਠਿਆ ਹੋਵੇਗਾ। ਯਹੂਦਿਯਾ ਵਿੱਚ ਹੋਈਆਂ ਘਟਨਾਵਾਂ, ਖਾਸ ਕਰਕੇ ਇਨ੍ਹਾਂ ਦਾਅਵਿਆਂ ਬਾਰੇ, ਕਿ ਯਿਸੂ ਨਾਸਰੀ ਹੀ ਪਰਮੇਸ਼ੁਰ ਦਾ ਮਸੀਹ ਹੈ, ਰੋਮ ਦੇ ਯਹੂਦੀਆਂ ਵਿਚਕਾਰ ਅਸਹਿਮਤੀਆਂ ਅਤੇ ਖਲਬਲੀ ਪੈਦਾ ਹੋ ਗਈ ਹੋਵੇਗੀ। ਸੰਭਾਵਨਾ ਇਹ ਹੈ ਕਿ ਰੋਮ ਦੇ ਅਧਿਕਾਰੀਆਂ ਨੇ ਇਸ ਖਲਬਲੀ ਨੂੰ ਬਰਦਾਸ਼ਤ ਨਹੀਂ ਕੀਤਾ ਹੋਵੇਗਾ ਅਤੇ ਸਾਰੇ ਯਹੂਦੀਆਂ ਨੂੰ ਨਗਰ ਵਿੱਚੋਂ ਕੱਢ ਦਿੱਤਾ ਹੋਵੇਗਾ।

ਜੇਕਰ ਰੋਮ ਦੇ ਯਹੂਦੀਆਂ ਵਿਚਕਾਰ ਮਚੀ ਖਲਬਲੀ ਮਸੀਹਤ ਦੇ ਆਉਣ ਕਾਰਣ ਹੋਈ ਸੀ, ਤਾਂ ਫਿਰ ਹੈਰਾਨੀ ਇਸ ਗੱਲ ਦੀ ਹੈ ਕਿ ਇਹ ਐਨੀ ਛੇਤੀ (ਲਗਭਗ ਈਸਵੀ 49 ਵਿੱਚ) ਉੱਥੇ ਪਹੁੰਚ ਗਈ ਸੀ। ਇਹ ਖਲਬਲੀ ਪ੍ਰਭੂ ਦੀ ਸਲੀਬੀ ਮੌਤ ਅਤੇ ਜੀ ਉੱਠਣ ਤੋਂ ਲਗਭਗ ਵੀਹ ਵਰ੍ਹਿਆਂ ਬਾਅਦ ਪਈ ਸੀ। ਸੰਭਵ ਹੈ ਕਿ ਜਦ ਪੌਲੁਸ ਦੀ ਮੁਲਾਕਾਤ ਅਕੂਲਾ ਅਤੇ ਪ੍ਰਿਸਕਿੱਲਾ ਨਾਲ ਹੋਈ ਸੀ, ਤਾਂ ਉਹ ਉਸ ਤੋਂ ਪਹਿਲਾਂ ਹੀ ਮਸੀਹੀ ਬਣ ਚੁੱਕੇ ਸਨ। ਬਾਈਬਲ ਵਿੱਚ ਇਸ ਗੱਲ਼ ਦੇ ਕੋਈ ਪ੍ਰਮਾਣ ਨਹੀਂ ਮਿਲਦੇ ਕਿ ਪੌਲੁਸ ਨੇ ਉਨ੍ਹਾਂ ਨੂੰ ਸਿੱਖਿਆ ਦਿੱਤੀ ਸੀ ਜਾਂ ਬਪਤਿਸਮਾ ਦਿੱਤਾ ਸੀ। ਐੱਫ.ਐੱਫ. ਬ੍ਰੂਸ ਨੇ ਲਿਖਿਆ,

> ਪੌਲੁਸ ਦੁਆਰਾ ਉਨ੍ਹਾਂ ਬਾਰੇ ਦਿੱਤੇ ਗਏ ਸਭਨਾਂ ਹਵਾਲਿਆਂ ਵਿੱਚੋਂ ਕਿਸੇ ਵਿੱਚ ਵੀ ਇਹ

> ਸੰਕੇਤ ਨਹੀਂ ਦਿੱਤਾ ਗਿਆ ਹੈ ਕਿ ਉਨ੍ਹਾਂ ਦੋਵਾਂ ਨੇ ਉਸ ਦੇ ਦੁਆਰਾ ਪ੍ਰਭੂ ਨੂੰ ਕਬੂਲ ਕੀਤਾ ਸੀ: ਸਾਰੇ ਸੰਕੇਤ ਇਹੋ ਆਖਦੇ ਹਨ ਕਿ ਉਹ ਦੋਵੇਂ ਉਸ ਨੂੰ ਮਿਲਣ ਤੋਂ ਪਹਿਲਾਂ ਹੀ ਮਸੀਹੀ ਬਣ ਚੁੱਕੇ ਸਨ, ਅਤੇ ਇਸੇ ਤਰ੍ਹਾਂ ਰੋਮ ਵਿੱਚ ਰਹਿੰਦਿਆਂ ਵੀ ਉਹ ਮਸੀਹੀ ਸਨ . . .[13]

ਪੌਲੁਸ ਅਤੇ ਇਸ ਜੋੜੇ ਦਾ ਨਾ ਸਿਰਫ ਕਾਰੋਬਾਰ ਇੱਕੋ ਸੀ ਸਗੋਂ ਉਨ੍ਹਾਂ ਦਾ ਵਿਸ਼ਵਾਸ ਵੀ ਇੱਕੋ ਸੀ। ਕੁਰਿੰਥੁਸ ਵਿਚਲੇ ਮਸੀਹੀ ਸਮਾਜ ਦਾ ਅਰੰਭ ਪੌਲੁਸ ਦੇ ਨਗਰ ਵਿੱਚ ਪੁੱਜਣ ਤੋਂ ਪਹਿਲਾਂ ਹੀ ਹੋ ਗਿਆ ਸੀ।

ਅਕੂਲਾ ਅਤੇ ਪ੍ਰਿਸਕਿੱਲਾ ਦੇ ਕੁਰਿੰਥੁਸ ਵਿੱਚ ਵੱਸਣ ਦਾ ਇੱਕ ਕਾਰਣ ਇਸਥਮਿਯਾ ਦੀਆਂ ਖੇਡਾਂ ਹੋ ਸਕਦੀਆਂ ਹਨ। ਜਦ ਸੈਲਾਨੀ ਖੇਡਾਂ ਵੇਖਣ ਆਉਂਦੇ ਸਨ, ਤਾਂ ਉਨ੍ਹਾਂ ਨੂੰ ਰਹਿਣ ਦੀ ਲਈ ਥਾਂ ਚਾਹੀਦਾ ਹੁੰਦਾ ਸੀ। ਸੰਭਵ ਹੈ ਕਿ ਇਸ ਜੋੜੇ ਨੂੰ ਇਨ੍ਹਾਂ ਦਰਸ਼ਕਾਂ ਅਤੇ ਖਿਡਾਰੀਆਂ ਦੇ ਰੂਪ ਵਿੱਚ ਆਪਣੇ ਚਮੜੇ ਦੇ ਤੰਬੂਆਂ ਦੇ ਗ੍ਰਾਹਕ ਮਿਲ ਜਾਂਦੇ ਹੋਣਗੇ। ਕੁਝ ਸਮੇਂ ਲਈ ਪੌਲੁਸ ਨੇ ਵੀ ਉਨ੍ਹਾਂ ਦੇ ਨਾਲ ਰਲ਼ ਕੇ ਕੰਮ ਕੀਤਾ ਸੀ, ਅਤੇ ਮੌਕਾ ਮਿਲਣ ’ਤੇ ਉਨ੍ਹਾਂ ਦੇ ਕੋਲ ਆਉਣ ਵਾਲੇ ਗ੍ਰਾਹਕਾਂ ਨੂੰ ਉਪਦੇਸ਼ ਦਿੰਦਾ ਸੀ। ਪੌਲੁਸ ਆਪਣੇ ਹੱਥਾਂ ਨਾਲ ਮਿਹਨਤ ਕਰਨ ਦੇ ਵਿਰੁੱਧ ਨਹੀਂ ਸੀ (1 ਥੱਸਲੁਨੀਕੀਆਂ 2:9); ਪਰ ਥੋੜ੍ਹੇ ਚਿਰ ਮਗਰੋਂ ਹੀ ਸੀਲਾਸ ਅਤੇ ਤਿਮੋਥਿਉਸ ਮਕਦੂਨਿਯਾ ਤੋਂ ਆ ਗਏ। ਅਜਿਹਾ ਵੀ ਜਾਪਦਾ ਹੈ ਕਿ ਉਹ ਆਪਣੇ ਨਾਲ ਕੁਝ ਆਰਥਿਕ ਮਦਦ ਵੀ ਲਿਆਏ ਸਨ ਤਾਂ ਜੋ ਪੌਲੁਸ ਇੰਜੀਲ ਦੇ ਪ੍ਰਚਾਰ ਅਤੇ ਕਲੀਸਿਯਾ ਦੀ ਉਸਾਰੀ ਲਈ ਪੂਰਾ ਸਮਾਂ ਦੇ ਸਕੇ (ਰਸੂਲਾਂ ਦੇ ਕਰਤੱਬ 18:5; 2 ਕੁਰਿੰਥੀਆਂ 11:9)।

ਜਦ ਯਹੂਦੀਆਂ ਨੇ ਪੌਲੁਸ ਦੇ ਵਧੇਰੇ ਜੋਸ਼ੀਲੇ ਜਤਨਾਂ ਦਾ ਵਿਰੋਧ ਕੀਤਾ, ਤਾਂ ਪੌਲੁਸ ਨੇ ਯਹੂਦੀ-ਸਭਾਘਰ ਵਿਚਲਾ ਆਪਣਾ ਕਮਰਾ ਛੱਡ ਦਿੱਤਾ ਹੋਵੇਗਾ ਅਤੇ ਨੇੜੇ-ਤੇੜੇ ਹੀ ਤੀਤੁਸ ਯੂਸਤੁਸ (ਇੱਕ ਯੂਨਾਨੀ ਨਾਮ) ਦੇ ਘਰੇ ਚਲਿਆ ਗਿਆ ਹੋਵੇਗਾ। ਪੌਲੁਸ ਦੇ ਆਉਣ ਤੋਂ ਪਹਿਲਾਂ ਤੀਤੁਸ "ਪਰਮੇਸ਼ੁਰ ਦਾ ਇੱਕ ਭਗਤ" ਸੀ (ਰਸੂਲਾਂ ਦੇ ਕਰਤੱਬ 18:7)। ਨਿਰਸੰਦੇਹ ਉਸ ਨੇ ਸਾਰੀਆਂ ਯਹੂਦੀ ਪਰੰਪਰਾਵਾਂ ਨੂੰ ਸਵੀਕਾਰ ਨਹੀਂ ਕੀਤਾ ਹੋਵੇਗਾ। ਉਹ ਅਤੇ ਉਸ ਦੇ ਵੇਲੇ ਦੇ ਹੋਰ ਕਈ ਲੋਕ ਯਹੂਦੀ ਮਤ ਵੱਲ, ਇਸ ਦੀ ਪੁਰਾਤਨਤਾ ਵੱਲ, ਇੱਕਮਾਤਰ ਪਰਮੇਸ਼ੁਰ ਬਾਰੇ ਇਸ ਦੀ ਸਮਝ ਵੱਲ ਅਤੇ ਇਸ ਦੇ ਉੱਚੇ ਨੈਤਿਕ ਸਿਧਾਂਤਾਂ ਵੱਲ ਖਿੱਚੇ ਆਏ ਸਨ। ਮਸੀਹ ਦੇ ਕਾਰਣ ਪੌਲੁਸ ਉਨ੍ਹਾਂ ਨੂੰ ਉਹ ਦੇ ਸਕਦਾ ਸੀ ਜਿਸ ਨੇ ਉਨ੍ਹਾਂ ਨੂੰ ਯਹੂਦੀ ਮਤ ਵੱਲ ਖਿੱਚਿਆ ਸੀ, ਉਹ ਵੀ ਸੁਨੰਤ, ਧਾਰਮਿਕ ਸੰਸਕਾਰਾਂ ਅਤੇ ਹੋਰਨਾਂ ਰੀਤੀ-ਰਿਵਾਜਾਂ ਦੀ ਪਾਲਣਾ ਕੀਤੇ ਬਿਨਾ ਹੀ। ਪੌਲੁਸ ਕੁਰਿੰਥੁਸ ਦੇ ਯਹੂਦੀਆਂ ਅਤੇ ਗੈਰ-ਯਹੂਦੀਆਂ ਦੋਹਾਂ ਨੂੰ ਪ੍ਰਭੂ ਵਿੱਚ ਲੈ ਕੇ ਆਇਆ ਸੀ। ਕਰਿਸਪੁਸ ਨਾਮ ਦੇ ਯਹੂਦੀ ਸਮਾਜ ਦੇ ਇੱਕ ਆਗੂ ਨੇ ਮਸੀਹ ਨੂੰ ਕਬੂਲ ਕੀਤਾ ਅਤੇ ਫਿਰ ਬਪਤਿਸਮਾ ਲਿਆ, ਅਤੇ ਉਸ ਦੇ ਨਾਲ ਉਸ ਦਿਆਂ ਜੁਆਨ ਬੱਚਿਆਂ ਅਤੇ ਗੁਲਾਮਾਂ ਅਤੇ ਕੁਰਿੰਥੁਸ ਦੇ ਹੋਰ ਲੋਕਾਂ ਨੇ ਵੀ ਬਪਤਿਸਮਾ ਲਿਆ।

ਆਖਿਰਕਾਰ ਪੌਲੁਸ ਕੁਰਿੰਥੁਸ ਵਿੱਚ ਐਨਾ ਸਫਲ ਹੋ ਗਿਆ ਕਿ ਉੱਥੇ ਉਸ ਦਾ ਰਹਿਣਾ ਔਖਾ ਹੋ ਗਿਆ। ਉਸ ਦਾ ਵਿਰੋਧ ਕਰਨ ਵਾਲੇ ਯਹੂਦੀ ਉਸ ਉੱਤੇ ਬਹੁਤ ਜ਼ਿਆਦਾ ਕ੍ਰੋਧਿਤ ਹੋ ਗਏ। ਆਪਣੀ ਜਾਨ ਨੂੰ ਖਤਰਾ ਵੇਖ ਕੇ ਪੌਲੁਸ ਨੇ ਨਗਰ ਨੂੰ ਛੱਡਣ ਦਾ ਫੈਸਲਾ ਕਰ ਲਿਆ। ਪਰ ਪ੍ਰਭੂ ਕੋਲੋਂ ਸਿੱਧਾ ਸੰਦੇਸ਼ ਸੁਣ ਕੇ ਉਸ ਨੂੰ ਨਗਰ ਵਿੱਚ ਵਧੇਰੇ ਲੰਮੇਂ ਸਮੇਂ ਲਈ ਰਹਿਣਾ ਪਿਆ: "ਨਾ ਡਰ ਸਗੋਂ ਬੋਲੀ ਜਾਹ ਅਤੇ ਚੁੱਪ ਨਾ ਰਹੁ . . . ਕਿਉਂ ਜੋ ਇਸ ਸ਼ਹਿਰ

ਵਿੱਚ ਮੇਰੇ ਬਹੁਤ ਸਾਰੇ ਲੋਕ ਹਨ” (ਰਸੂਲਾਂ ਦੇ ਕਰਤੱਬ 18:9, 10)। ਪੌਲੁਸ ਨੇ ਉਪਦੇਸ਼ ਦੇਣਾ ਜਾਰੀ ਰੱਖਿਆ। ਪੁਰਾਤਨ ਨਗਰ ਨਵੀਆਂ ਵਿਚਾਰਧਾਰਾਵਾਂ ਨੂੰ ਛੇਤੀ ਸਵੀਕਾਰ ਨਹੀਂ ਕਰਦੇ ਹੁੰਦੇ ਸਨ; ਪਰ ਪੌਲੁਸ ਉੱਸ ਨਗਰ ਵਿੱਚ “ਡੇਢ ਸਾਲ” ਰਹਿ ਸਕਿਆ (ਰਸੂਲਾਂ ਦੇ ਕਰਤੱਬ 18:11), ਹੋਰ ਕਿਸੇ ਵੀ ਥਾਂ ਨਾਲੋਂ ਵਧੇਰੇ ਲੰਮੇਂ ਸਮੇਂ ਲਈ। ਉੱਥੇ ਉਸ ਦੀ ਸੇਵਾ ਦਾ ਅੰਤ ਉਦੋਂ ਹੋਇਆ ਜਦੋਂ ਯਹੂਦੀ ਸਮਾਜ ਨੇ ਅਖਾਯਾ ਦੇ ਰੋਮੀ ਪ੍ਰੋਕੌਂਸਲ ਦੇ ਸਾਹਮਣੇ ਉਸ ਉੱਤੇ ਦੋਸ਼ ਲਗਾਇਆ। ਗਾਲੀਓ ਇਨ੍ਹਾਂ ਦੋਸ਼ਾਂ ਨੂੰ ਸੁਣ ਕੇ ਪ੍ਰਭਾਵਿਤ ਨਹੀਂ ਹੋਇਆ (ਰਸੂਲਾਂ ਦੇ ਕਰਤੱਬ 18:17)। ਉਸ ਦਾ ਮੰਨਣਾ ਇਹ ਸੀ ਕਿ ਪੌਲੁਸ ਅਤੇ ਯਹੂਦੀ ਸਮਾਜ ਵਿਚਕਾਰ ਹੋਇਆ ਵਿਵਾਦ ਯਹੂਦੀ ਸਮਾਜ ਦਾ ਅੰਦਰੂਨੀ ਮਸਲਾ ਸੀ ਅਤੇ ਇਸ ਨੂੰ ਇਸੇ ਤਰ੍ਹਾਂ ਸੁਲਝਾਇਆ ਜਾਣਾ ਚਾਹੀਦਾ ਸੀ। ਪਰ ਪ੍ਰੋਕੌਂਸਲ ਨਹੀਂ ਚਾਹੁੰਦਾ ਸੀ ਕਿ ਜਿਹੜੀ ਖਲਬਲੀ ਰੋਮ ਵਿੱਚ ਮਚੀ ਸੀ ਉਹ ਹੁਣ ਕੁਰਿੰਥੁਸ ਵਿੱਚ ਵਾਪਰੇ। ਉਸ ਵੇਲੇ ਪੌਲੁਸ ਨੂੰ ਨਹੀਂ ਪਰ ਯਹੂਦੀ ਸਭਾਘਰ ਦੇ ਨਵੇਂ ਅਧਿਕਾਰੀ ਸੋਸਥਨੇਸ ਨੂੰ ਜਨਤਕ ਤੌਰ ’ਤੇ ਸ਼ਰਮਿੰਦਿਆਂ ਕੀਤਾ ਗਿਆ। ਲੂਕਾ ਨੇ ਲਿਖਿਆ, “ਪਰ ਗਾਲੀਓ ਨੇ ਇਨ੍ਹਾਂ ਗੱਲਾਂ ਵੱਲ ਕੁਝ ਧਿਆਨ ਨਾ ਦਿੱਤਾ” (ਰਸੂਲਾਂ ਦੇ ਕਰਤੱਬ 18:17)।

ਕਨੂੰਨੀ ਮਸਲੇ ਵਿੱਚ ਗਾਲੀਓ ਨੇ ਉਹੀ ਕੀਤਾ ਜਾਪਦਾ ਹੈ ਜੋ ਸੁਟੋਨਿਯੁਸ ਨੇ ਕੀਤਾ ਸੀ: ਰੋਮੀਆਂ ਦੀ ਨਜ਼ਰ ਵਿੱਚ ਮਸੀਹਤ ਸਿਰਫ ਯਹੂਦੀ ਮਤ ਦਾ ਹੀ ਇੱਕ ਵਖਰਾ ਸਮੂਹ ਸੀ।[14] ਉਹ ਉਮੀਦ ਕਰ ਰਹੇ ਸਨ ਕਿ ਯਹੂਦੀ ਆਪਣਿਆਂ ਮਸਲਿਆਂ ਨੂੰ ਆਪਸ ਵਿੱਚ ਹੀ ਸੁਲਝਾ ਲੈਣਗੇ। ਰੋਮੀ ਇਹ ਕਦੇ ਬਰਦਾਸ਼ਤ ਨਹੀਂ ਕਰਨਗੇ ਕਿ ਉਨ੍ਹਾਂ ਦਾ ਆਪਸੀ ਝਗੜਾ ਬਾਹਰੀ ਖਲਬਲੀ ਵਿੱਚ ਤਬਦੀਲ ਹੋ ਜਾਵੇ। ਉਨ੍ਹਾਂ ਦਾ ਤਰਕ ਇਹ ਸੀ ਕਿ ਜੇਕਰ ਯਹੂਦੀਆਂ ਦਾ ਅੰਦਰੂਨੀ ਮਸਲਾ ਜਨਤਕ ਹੋ ਗਿਆ ਤਾਂ ਇਸ ਦਾ ਜਨਤਕ ਸ਼ਾਂਤੀ ਅਤੇ ਕਨੂੰਨ ਵਿਵਸਥਾ ਉੱਤੇ ਮਾੜਾ ਅਸਰ ਪਵੇਗਾ। ਘੱਟੋ-ਘੱਟ ਅਰੰਭਕ ਦਹਾਕਿਆਂ ਦੇ ਦੌਰਾਨ ਮਸੀਹੀਆਂ ਨੂੰ ਉਹੀ ਸੁਰੱਖਿਆ ਮਿਲਦੀ ਸੀ ਜਿਹੜੀ ਯਹੂਦੀਆਂ ਨੂੰ ਮਿਲੀ ਹੋਈ ਸੀ। ਹਾਲਾਂਕਿ ਗਾਲੀਓ ਪੌਲੁਸ ਨੂੰ ਬਰਦਾਸ਼ਤ ਕਰ ਰਿਹਾ ਸੀ, ਪਰ ਪੌਲੁਸ ਸਿਆਣ ਗਿਆ ਸੀ ਕਿ ਉਸ ਨੇ ਕੁਰਿੰਥੁਸ ਵਿੱਚ ਵੈਰੀ ਖੜੇ ਕਰ ਲਏ ਹਨ, ਜਿਹੜੇ ਉਸ ਨੂੰ ਛੱਡਣਗੇ ਨਹੀਂ। ਕਿਉਂ ਜੋ ਉਹ ਯਰੂਸ਼ਲਮ ਵਿੱਚ ਕਾਫੀ ਸਮੇਂ ਤੋਂ ਨਹੀਂ ਗਿਆ ਸੀ, ਇਸ ਕਰਕੇ ਉਸ ਨੇ ਉਸ ਨਗਰ ਦੇ ਮਸੀਹੀਆਂ ਨੂੰ ਮਿਲਣ ਦਾ ਫੈਸਲਾ ਕੀਤਾ, ਤਾਂ ਜੋ ਆਪਣੇ ਕੰਮ ਦੀ ਖਬਰ ਉਨ੍ਹਾਂ ਨੂੰ ਦੇਵੇ, ਅਤੇ ਉਨ੍ਹਾਂ ਦੀ ਵੀ ਖਬਰ ਲਵੇ। ਉਸ ਤੋਂ ਬਾਅਦ ਉਹ ਸਾਰੇ ਸਾਮਰਾਜ ਵਿੱਚ ਕਲੀਸਿਯਾ ਸਥਾਪਨਾ ਕਰਨ ਲਈ ਨਿਕਲ ਪਿਆ।

## ਅਫ਼ਸੁਸ, ਕੁਰਿੰਥੁਸ, ਅਤੇ ਪੌਲੁਸ

ਪੌਲੁਸ ਅਕੂਲਾ ਅਤੇ ਪ੍ਰਿਸਕਿੱਲਾ ਦੇ ਨਾਲ ਕੁਰਿੰਥੁਸ ਤੋਂ ਗਿਆ। ਯਰੂਸ਼ਲਮ ਨੂੰ ਜਾਂਦਿਆਂ ਉਸ ਦਾ ਪਹਿਲਾ ਪੜਾਅ ਅਫ਼ਸੁਸ ਸੀ। ਕੁਰਿੰਥੁਸ ਵਿੱਚ ਆਪਣੀ ਸੁਰੱਖਿਆ ਦੇ ਲਈ ਸ਼ਾਇਦ ਪੌਲੁਸ ਨੇ ਨਜ਼ੀਰ ਦੀ ਮੰਨਤ ਮੰਨੀ ਸੀ (ਗਿਣਤੀ 6:2–5)। ਕੁਰਿੰਥੁਸ ਦੀ ਪੂਰਬੀ ਬੰਦਰਗਾਹ ਕੰਖਰਿਯਾ ਨੂੰ ਛੱਡਣ ਤੋਂ ਪਹਿਲਾਂ ਉਸ ਦੀ ਮੰਨਤ ਦਾ ਸਮਾਂ ਪੂਰਾ ਹੋ ਗਿਆ ਸੀ। ਇਸ ਕਰਕੇ ਉਸ ਨੇ ਯਾਤਰਾ ਅਰੰਭ ਕਰਨ ਤੋਂ ਪਹਿਲਾਂ ਸਿਰ ਮੁਨਾ ਲਿਆ (ਰਸੂਲਾਂ ਦੇ ਕਰਤੱਬ 18:18)। ਅਫ਼ਸੁਸ ਵਿੱਚ ਪੁੱਜ ਕੇ ਉਸ ਨੇ ਨਗਰ ਦੇ ਯਹੂਦੀ-ਸਭਾਘਰ ਵਿੱਚ ਮਸੀਹ ਦਾ ਪ੍ਰਚਾਰ ਕੀਤਾ ਅਤੇ ਲੋਕਾਂ ਦੀ ਦਿਲਚਸਪੀ ਨੂੰ ਬਹੁਤ ਵਧਾ ਦਿੱਤਾ; ਪਰ ਉਹ

ਯਰੂਸ਼ਲਮ ਪੁੱਜਣ ਲਈ ਕਾਹਲਾ ਸੀ। ਸ਼ਾਇਦ ਉਹ ਪੰਤੇਕੁਸਤ ਦੇ ਦਿਨ ਕਲੀਸਿਯਾ ਦੀ ਸਥਾਪਨਾ ਦੀ ਵਰ੍ਹੇਗੰਢ ’ਤੇ ਯਰੂਸ਼ਲਮ ਪੁੱਜਣਾ ਚਾਹੁੰਦਾ ਸੀ। ਅਫ਼ਸੁਸ ਦੇ ਯਹੂਦੀਆਂ ਨੂੰ ਵਾਪਸ ਆਉਣ ਦਾ ਵਾਇਦਾ ਕਰਕੇ ਰਸੂਲ ਪੌਲੁਸ ਨੇ ਦੱਖਣ ਵੱਲ ਨੂੰ ਅਤੇ ਫਿਰ ਪੂਰਬ ਵੱਲ ਲੇਵਾਂਤ ਨੂੰ ਆਪਣੀ ਯਾਤਰਾ ਦਾ ਅਰੰਭ ਕੀਤਾ। ਅਕੂਲਾ ਅਤੇ ਪ੍ਰਿਸਕਿੱਲਾ ਅਫ਼ਸੁਸ ਵਿੱਚ ਰਹਿ ਗਏ, ਆਪਣਾ ਕਾਰੋਬਾਰ ਕੀਤਾ ਅਤੇ ਇਹ ਗਵਾਹੀ ਦਿੰਦੇ ਰਹੇ ਕਿ ਯਿਸੂ ਹੀ ਮਸੀਹ ਹੈ।

ਪੌਲੁਸ ਦੀ ਕਈ ਮਹੀਨਿਆਂ ਦੀ, ਜਾਂ ਫਿਰ ਸ਼ਾਇਦ ਇੱਕ ਵਰ੍ਹੇ ਜਾਂ ਉਸ ਦੀ ਵੱਧ ਦੀ ਯਾਤਰਾ ਨੂੰ ਕੁਝ ਸ਼ਬਦਾਂ ਵਿੱਚ ਹੀ ਲਿਖਿਆ (ਰਸੂਲਾਂ ਦੇ ਕਰਤੱਬ 18:22; 19:1)। ਸਹੀ ਸਮਾਂ ਆਉਣ ’ਤੇ ਰਸੂਲ ਪੌਲੁਸ ਨੇ ਆਪਣਾ ਵਾਇਦਾ ਪੂਰਾ ਕੀਤਾ ਅਤੇ ਅਫ਼ਸੁਸ ਨੂੰ ਵਾਪਿਸ ਆਇਆ। ਤਿੰਨ ਮਹੀਨਿਆਂ ਤੱਕ ਉਹ ਯਹੂਦੀ-ਸਭਾਘਰਾਂ ਵਿੱਚ ਪ੍ਰਚਾਰ ਕਰਦਾ ਰਿਹਾ, ਪਰ ਹੋਰਨਾਂ ਨਗਰਾਂ ਵਿੱਚ ਜੋ ਯਹੂਦੀਆਂ ਵੱਲੋਂ ਉਸ ਨਾਲ ਕੀਤਾ ਗਿਆ ਸੀ ਉਹੀ ਸਭ ਇੱਥੇ ਵੀ ਉਸ ਦੇ ਨਾਲ ਹੋਇਆ। ਜਦ ਯਹੂਦੀ-ਸਭਾਘਰ ਵਿੱਚ ਉਸ ਦੇ ਆਉਣ ’ਤੇ ਮਨਾਹੀ ਕਰ ਦਿੱਤੀ ਗਈ ਤਾਂ ਉਸ ਨੂੰ ਤੁਰੰਨੁਸ ਦੀ ਪਾਠਸ਼ਾਲਾ ਵਿੱਚ ਰਹਿਣ ਦੀ ਥਾਂ ਮਿਲ ਗਈ। ਜਦ ਤੁਰੰਨੁਸ ਦੇ ਵਿਦਿਆਰਥੀ ਛੁੱਟੀ ’ਤੇ ਸਨ, ਤਾਂ ਪੌਲੁਸ ਮਸੀਹ ਦਾ ਪ੍ਰਚਾਰ ਕਰਦਾ ਰਿਹਾ। ਦੋ ਵਰ੍ਹਿਆਂ ਤੱਕ ਉਹ ਉੱਥੇ ਸਿੱਖਿਆ ਦਿੰਦਾ ਰਿਹਾ। ਨਾ ਸਿਰਫ ਇੰਜੀਲ ਨੇ ਅਫ਼ਸੁਸ ਦੇ ਲੋਕਾਂ ਵਿੱਚ ਜੜ੍ਹ ਫੜੀ, ਸਗੋਂ ਰੋਮੀ ਸੂਬੇ ਏਸ਼ੀਆ ਵਿੱਚ ਫੈਲਿਆ ਵੀ। (ਰਸੂਲਾਂ ਦੇ ਕਰਤੱਬ 19:10)। ਲੂਕਾ ਨੇ ਕੁਝ ਅਫ਼ਸੁਸ ਵਿੱਚ ਪੌਲੁਸ ਦੇ ਰਹਿੰਦਿਆਂ ਹੋਈਆਂ ਘਟਨਾਵਾਂ ਵਿੱਚੋਂ ਕੁਝ ਨੂੰ ਹੀ ਲਿਖਿਆ, ਪਰ ਇਹ ਉਸ ਦੀ ਸਫਲਤਾ ਦੇ ਨਾਲ ਆਏ ਭਿਅੰਕਰ ਵਿਰੋਧ ਨੂੰ ਦਰਸਾਉਣ ਲਈ ਕਾਫੀ ਸਨ।

ਪੌਲੁਸ ਜਾਣਦਾ ਸੀ ਕਿ ਜਿਨ੍ਹਾਂ ਮਸੀਹੀਆਂ ਨੂੰ ਉਹ ਕੁਰਿੰਥੁਸ, ਥੱਸਲੁਨੀਕੇ, ਅਤੇ ਹੋਰ ਯੂਨਾਨੀ-ਭਾਸ਼ੀ ਨਗਰਾਂ ਵਿੱਚ ਛੱਡ ਕੇ ਆਇਆ ਹੈ, ਉਨ੍ਹਾਂ ਦੇ ਸਾਹਮਣੇ ਇਹ ਪ੍ਰੀਖਿਆ ਆਵੇਗੀ ਕਿ ਉਹ ਉਸ ਦੀ ਸਿੱਖਿਆ ਨੂੰ ਉਨ੍ਹਾਂ ਘੁਮੱਕੜ ਉਪਦੇਸ਼ਕਾਂ ਦੇ ਨਾਲ ਕਰਨ ਜਿਹੜੇ ਉਨ੍ਹਾਂ ਦੇ ਬਜ਼ਾਰਾਂ ਵਿੱਚ ਆਉਂਦੇ ਰਹਿੰਦੇ ਸਨ। ਪਹਿਲੀ ਸਦੀ ਦੇ ਯੂਨਾਨੀ-ਭਾਸ਼ੀ ਸੰਸਾਰ ਵਿੱਚ ਘੁਮੱਕੜ ਫਿਲਾਸਫਰ-ਉਪਦੇਸ਼ਕ ਬੜੇ ਆਮ ਹੁੰਦੇ ਸਨ। ਇਨ੍ਹਾਂ ਵਿੱਚੋਂ ਕਈ ਬੜਾ ਦਿਖਾਵਾ ਕਰਦੇ ਸਨ, ਸਦਾਚਾਰੀ ਨਹੀਂ ਹੁੰਦੇ ਸਨ ਅਤੇ ਨਾ ਹੀ ਲੋਕ ਉਨ੍ਹਾਂ ਨੂੰ ਪਸੰਦ ਕਰਦੇ ਸਨ। ਉਹ ਜਨਤਕ ਥਾਂਵਾਂ ’ਤੇ ਆਪਣੇ ਵਿਚਾਰ ਪੇਸ਼ ਕਰਦੇ ਹੁੰਦੇ ਸਨ, ਆਪਣੀ ਸਿੱਖਿਆ ਲਈ ਪੈਸੇ ਮੰਗਦੇ ਸਨ, ਉਨ੍ਹਾਂ ਦੇ ਕੁਝ ਚੇਲੇ ਵੀ ਬਣ ਜਾਂਦੇ ਸਨ, ਅਤੇ ਫਿਰ ਕਿਸੇ ਨਵੇਂ ਥਾਂ ’ਤੇ ਚਲੇ ਜਾਂਦੇ ਸਨ। ਡਿਓ ਖ੍ਰਿਸੋਸਟੋਮ ਨੇ, ਜਿਹੜਾ ਪੌਲੁਸ ਦੇ ਸਮੇਂ ਦਾ ਹੀ ਸੀ, ਉਨ੍ਹਾਂ ਸ਼ਾਸਤਰੀਆਂ ਬਾਰੇ ਲਿਖਿਆ ਜਿਨ੍ਹਾਂ ਨੂੰ ਉਹ ਇਸਥਮਿਯਾ ਦੀਆਂ ਖੇਡਾਂ ਵਿੱਚ ਵੇਖਦਾ ਸੀ:

> ਇਹ ਉਹ ਸਮਾਂ ਸੀ . . . ਜਦ ਇਨ੍ਹਾਂ ਸਦਾਚਾਰਹੀਣ ਸ਼ਾਸਤਰੀਆਂ ਨੂੰ ਪੋਸੇਇਡੋਨ ਦੇ ਮੰਦਿਰ ਦੇ ਨੇੜੇ ਰੌਲਾ ਪਾਉਂਦਿਆਂ ਅਤੇ ਇੱਕ ਦੂਜੇ ਨੂੰ ਨੀਵਾਂ ਦਿਖਾਉਂਦਿਆਂ, ਅਤੇ ਉਨ੍ਹਾਂ ਦੇ ਚੇਲਿਆਂ ਨੂੰ, ਜਿਵੇਂ ਕਿ ਉਨ੍ਹਾਂ ਨੂੰ ਸਦਾਇਆ ਜਾਂਦਾ ਸੀ, ਇੱਕ ਦੂਜੇ ਨਾਲ ਝਗੜਦਿਆਂ, ਅਨੇਕਾਂ ਲਿਖਾਰੀਆਂ ਨੂੰ ਉਨ੍ਹਾਂ ਦੀਆਂ ਬੇਕਾਰ ਲਿਖਤਾਂ ਨੂੰ ਉੱਚੀ-ਉੱਚੀ ਪੜ੍ਹਦਿਆਂ, ਅਨੇਕਾਂ ਕਵੀਆਂ ਨੂੰ ਲੋਕਾਂ ਦੀਆਂ ਤਾਲੀਆਂ ਵਿਚਕਾਰ ਆਪਣੀਆਂ ਕਵਿਤਾਵਾਂ ਸੁਣਾਉਂਦਿਆਂ, ਤਮਾਸ਼ਬੀਨਾਂ ਨੂੰ ਤਮਾਸ਼ਾ ਵਿਖਾਉਂਦਿਆਂ, ਵਕੀਲਾਂ ਨੂੰ ਨਿਆਉਂ ਵਿੱਚ ਹੇਰਾਫੇਰੀ ਕਰਦਿਆਂ

ਅਤੇ ਵਣਜਾਰਿਆਂ ਨੂੰ ਆਪਣਾ ਵਣਜ-ਵਪਾਰ ਕਰਦਿਆਂ ਵੇਖਿਆ ਜਾ ਸਕਦਾ ਸੀ।[15]

ਪੌਲੁਸ ਜਿਨ੍ਹਾਂ ਮਸੀਹੀਆਂ ਨੂੰ ਕੁਰਿੰਥੁਸ ਵਿੱਚ ਛੱਡ ਕੇ ਆਇਆ ਸੀ, ਉਨ੍ਹਾਂ ਵਿੱਚੋਂ ਕੁਝ ਨੇ ਉਸ ਨੂੰ ਉਹੋ ਜਿਹਾ ਹੀ ਕੋਈ ਸਮਝ ਲਿਆ ਸੀ ਜਿਨ੍ਹਾਂ ਦਾ ਵੇਰਵਾ ਖ੍ਰਿਸੋਸਟੋਮ ਨੇ ਦਿੱਤਾ ਹੈ। ਉਹ ਸੋਚ ਰਹੇ ਸਨ ਕਿ ਉਹ ਉਸ ਨੂੰ ਦੁਬਾਰਾ ਕਦੇ ਨਹੀਂ ਵੇਖਣਗੇ। ਪਰ ਉਨ੍ਹਾਂ ਦੀ ਇਹ ਸੋਚ ਗਲਤ ਸੀ। ਪੌਲੁਸ ਨਾ ਸਿਰਫ ਲੋਕਾਂ ਨੂੰ ਮਸੀਹ ਵਿੱਚ ਬਪਤਿਸਮਾ ਦਿੰਦਾ ਸੀ, ਸਗੋਂ ਇਨ੍ਹਾਂ ਨਵੇਂ ਵਿਸ਼ਵਾਸੀਆਂ ਨੂੰ ਮਸੀਹ ਵਿੱਚ ਵਧਾਉਂਦਾ ਅਤੇ ਸਿਖਾਉਂਦਾ ਵੀ ਸੀ। ਉਸ ਦੀ ਦਿਲਚਸਪੀ ਕਲੀਸਿਯਾਵਾਂ ਦੀ ਸਥਾਪਨਾ ਕਰਨਾ ਸੀ, ਅਜਿਹੇ ਮਸੀਹੀ ਸਮਾਜ ਦੀ ਸਥਾਪਨਾ ਜਿਹੜੇ ਪ੍ਰਭੂ ਦੀ ਵਾਪਸੀ ਦੀ ਉਡੀਕ ਕਰਦਿਆਂ ਪਵਿੱਤਰ ਜੀਵਨ ਬਤੀਤ ਕਰਨ। ਅਫ਼ਸੁਸ ਵਿੱਚ ਰਸੂਲ ਪੌਲੁਸ ਦੇ ਕੰਮ ਦਾ ਅਰਥ ਇਹ ਨਹੀਂ ਸੀ ਕਿ ਉਸ ਨੇ ਕੁਰਿੰਥੁਸ ਨੂੰ ਪਿਛਾਂਹ ਛੱਡ ਦਿੱਤਾ ਸੀ। ਭਾਵੇਂ ਪੌਲੁਸ ਦਾ ਕੰਮ ਅਫ਼ਸੁਸ ਸਫਲ ਰਿਹਾ ਸੀ ਅਤੇ ਵਧ ਰਿਹਾ ਸੀ, ਤਾਂ ਵੀ ਉਹ ਕੁਰਿੰਥੁਸ ਵਿਚਲੇ ਆਪਣੇ ਮਿੱਤਰਾਂ ਦੀ ਖਬਰ ਪੁੱਛਦਾ ਰਹਿੰਦਾ ਸੀ।

*ਪੈਕਸ ਰੋਮਾਨਾ* "ਰੋਮ ਦੀ ਸ਼ਾਂਤੀ" ਵੇਲੇ ਕੁਰਿੰਥੁਸ ਅਤੇ ਅਫ਼ਸੁਸ ਵਰਗੇ ਭਰੀ ਅਬਾਦੀ ਵਾਲੇ ਨਗਰਾਂ ਵਿੱਚ ਪਾਣੀ ਦੇ ਜਹਾਜ਼ਾਂ ਦੀ ਆਵਾਜਾਈ ਬੜੀ ਆਮ ਗੱਲ ਸੀ। ਸ਼ਾਇਦ ਉਸ ਦੀ ਮੁਲਾਕਾਤ ਉਨ੍ਹਾਂ ਯਾਤਰੀਆਂ ਜਾਂ ਕਾਰੋਬਾਰੀਆਂ ਨਾਲ ਹੁੰਦੀ ਰਹਿੰਦੀ ਹੋਵਗੀ ਜਿਹੜੇ ਕਲੋਏ ਨਾਮ ਦੀ ਇੱਕ ਇਸਤਰੀ ਲਈ ਕੰਮ ਕਰਦੇ ਸਨ। ਉਸ ਨੇ ਉਨ੍ਹਾਂ ਨੂੰ "ਕਲੋਏ ਦੇ ਘਰ ਦੇ" ਆਖਿਆ। ਸ਼ਾਇਦ ਉਹ ਅਤੇ ਆਪ ਕਲੋਏ ਵੀ ਕੁਰਿੰਥੁਸ ਦੇ ਮਸੀਹੀ ਸਮਾਜ ਦਾ ਹਿੱਸਾ ਸਨ। ਜਿਹੜੀ ਜਾਣਕਾਰੀ ਉਨ੍ਹਾਂ ਨੇ ਪੌਲੁਸ ਨੂੰ ਦਿੱਤੀ, ਉਸ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਉਹ ਆਪ ਜਾਂ ਉਨ੍ਹਾਂ ਨੂੰ ਜਾਣਕਾਰੀ ਦੇਣ ਵਾਲੇ ਲੋਕ ਕੁਰਿੰਥੁਸ ਦੀ ਕਲੀਸਿਯਾ ਦੇ ਸਮਾਜਿਕ ਜੀਵਨ ਦਾ ਹਿੱਸਾ ਸਨ।

ਕਲੋਏ ਦੇ ਘਰ ਦਿਆਂ ਤੋਂ ਜਿਹੜੀ ਜਾਣਕਾਰੀ ਪੌਲੁਸ ਨੂੰ ਮਿਲੀ ਸੀ, ਉਹ ਚਿੰਤਾ ਦਾ ਕਾਰਣ ਸੀ। ਇਸ ਨਵੀਂ ਸਥਾਪਿਤ ਕਲੀਸਿਯਾ ਵਿੱਚ ਦਲਬੰਦੀ ਕੀਤੀ ਜਾ ਰਹੀ ਸੀ। ਅਪੁੱਲੋਸ ਨੇ, ਜੋ ਸੁਆਰਾ ਬੋਲਣ ਵਾਲਾ ਅਤੇ ਲਿਖਤਾਂ ਵਿੱਚ ਸੁਚੇਤ ਸੀ (ਰਸੂਲਾਂ ਦੇ ਕਰਤੱਬ 18:24), ਕੁਰਿੰਥੁਸ ਦੀ ਕਲੀਸਿਯਾ ਦੇ ਨਾਲ ਕੁਝ ਸਮਾਂ ਬਤੀਤ ਕੀਤਾ ਸੀ। ਉਹ ਪੌਲੁਸ ਦੇ ਇੱਕਦਮ ਉਲਟ ਸੀ। ਪੌਲੁਸ ਉਨ੍ਹਾਂ ਦੀ ਵਰਤੋਂ ਬਹੁਤ ਘੱਟ ਕਰਦਾ ਸੀ ਜਿਸ ਨੂੰ ਲੋਕ ਬੁੱਧਵਾਨੀ ਮੰਨਦੇ ਸਨ (1 ਕੁਰਿੰਥੀਆਂ 2:1, 2); ਉਸ ਦਾ ਰੂਪ ਅਤੇ ਸ਼ਬਦਾਂ ਦੀ ਤੇਜ਼ੀ ਨੇ ਕੋਈ ਵੱਡਾ ਪ੍ਰਭਾਵ ਨਹੀਂ ਪਾਇਆ (2 ਕੁਰਿੰਥੀਆਂ 10:10)। ਕੁਰਿੰਥੁਸ ਦੇ ਮਸੀਹੀਆਂ ਨੇ ਛੇਤੀ ਹੀ ਆਪਣੇ ਦਲ ਬਣਾ ਲਏ। ਕੁਝ ਲੋਕ ਅਪੁੱਲੋਸ ਨੂੰ ਆਪਣਾ ਆਗੂ ਮੰਨਣ ਲੱਗ ਪਏ; ਬਾਕੀ ਦੇ ਲੋਕ ਪੌਲੁਸ ਨਾਲ ਟਿਕੇ ਰਹੇ। ਜਿਵੇਂ ਅਪੁੱਲੋਸ ਅਰਾਮ ਨਾਲ ਐਲੈਕਜ਼ੈਂਡ੍ਰਿਯਾ ਤੋਂ ਅਫ਼ਸੁਸ ਨੂੰ ਅਤੇ ਅਫ਼ਸੁਸ ਤੋਂ ਕੁਰਿੰਥੁਸ ਨੂੰ ਯਾਤਰਾ ਕਰਦਾ ਸੀ, ਉਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਧਨਵਾਨ ਸੀ। ਯਾਤਰਾ ਕਰਨਾ ਮਹਿੰਗਾ ਹੁੰਦਾ ਸੀ। ਉਸ ਦੇ ਗਿਆਨ ਅਤੇ ਸੁਆਰੀ ਬੋਲੀ ਨੇ ਕੁਰਿੰਥੁਸ ਵਿੱਚ ਕੁਝ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ। ਬੁੱਧੀ, ਫਿਲਾਸਫੀ, ਅਤੇ ਸੁਆਰੀ ਬੋਲੀ ਧਨਾਢ ਕੁਰਿੰਥੁਸ ਵਿੱਚ ਬਹੁਤ ਪ੍ਰਚਲਿਤ ਸੀ। ਅਪੁੱਲੋਸ ਦਾ ਵਿਸ਼ਵਾਸੀਆਂ ਉੱਤੇ ਕਾਫੀ ਪ੍ਰਭਾਵ ਪਿਆ ਸੀ। ਪੌਲੁਸ ਨੇ ਜੋ ਸੁਣਿਆ ਸੀ ਉਸ ਤੋਂ ਉਸ ਨੂੰ ਡਰ ਲੱਗ ਰਿਹਾ ਸੀ ਕਿ ਉਸ ਦੇ ਅਤੇ ਅਪੁੱਲੋਸ ਦੇ ਨਾਮ ਨੂੰ ਲੈ ਕੇ ਜਿਹੜੀ ਦਲਬੰਦੀ ਹੋ ਰਹੀ ਹੈ, ਉਹ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਹੈ। ਉਸ ਨੂੰ ਕਲੀਸਿਯਾ ਨੂੰ

ਸਮਝਾਉਣਾ ਪਿਆ ਕਿ ਉਸ ਦੀ ਸਿੱਖਿਆ ਅਪੁੱਲੋਸ ਦੀ ਸਿੱਖਿਆ ਦੇ ਮੁਕਾਬਲੇ ਵਧੇਰੇ ਮੁਢਲੀ ਕਿਉਂ ਸੀ (1 ਕੁਰਿੰਥੀਆਂ 3:1–3)। ਨਾਲ ਹੀ ਉਹ ਕਲੀਸਿਯਾ ਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਆਪ ਅਤੇ ਅਪੁੱਲੋਸ ਮਸੀਹ ਦੇ ਲਈ ਅਤੇ ਉਸ ਦੀ ਦੇਹੀ ਕਲੀਸਿਯਾ ਦੇ ਲਈ ਪੂਰੀ ਤਰ੍ਹਾਂ ਪਿਛਾਂਹ ਹਟਣ ਨੂੰ ਤਿਆਰ ਸਨ (3:5, 6)। ਅਪੁੱਲੋਸ ਵੱਲੋਂ ਜਾਪਦਾ ਹੈ ਕਿ ਉਹ ਨਗਰ ਨੂੰ ਛੱਡ ਕੇ ਚਲਿਆ ਗਿਆ ਸੀ ਅਤੇ ਦੁਬਾਰਾ ਉੱਥੇ ਕਦੇ ਨਹੀਂ ਆਉਣਾ ਚਾਹੁੰਦਾ ਸੀ, ਕਿਉਂਕਿ ਉਸ ਨੂੰ ਡਰ ਸੀ ਕਿ ਕਿਤੇ ਫੁੱਟ ਦੀ ਸਮੱਸਿਆ ਵਧ ਨਾ ਜਾਵੇ (16:12)। ਪੌਲੁਸ ਨੇ ਵੇਖਿਆ ਕਿ ਉਸ ਨੂੰ ਕੁਝ ਕਰਨ ਦੀ ਲੋੜ ਹੈ। ਕਲੀਸਿਯਾ ਵਿੱਚ ਫੁੱਟ ਅਤੇ ਫਿਲਾਸਫੀ ਦੀ ਸਿੱਖਿਆ ਉੱਤੇ ਲੋੜ ਤੋਂ ਵਧੇਰੇ ਜ਼ੋਰ ਦੇ ਕਾਰਣ ਉਸ ਨੂੰ ਲਿਖਣ ਲਈ ਮਜਬੂਰ ਹੋਣਾ ਪਿਆ।

ਜਦ ਪੌਲੁਸ ਉਸ ਪੱਤਰ ਬਾਰੇ ਸੋਚ ਰਿਹਾ ਸੀ ਜਿਹੜਾ ਉਹ ਲਿਖਣਾ ਚਾਹੁੰਦਾ ਸੀ, ਜਾਂ ਫਿਰ ਉਸ ਨੇ ਲਿਖਣਾ ਅਰੰਭ ਕਰ ਦਿੱਤਾ ਸੀ, ਤਾਂ ਇੱਕ ਨਵੀਂ ਘਟਨਾ ਨੇ ਉਸ ਦੀ ਪ੍ਰੇਰਣਾ ਨੂੰ ਵਧਾ ਦਿੱਤਾ। ਕੁਰਿੰਥੁਸ ਤੋਂ ਤਿੰਨ ਦੋਸਤ ਉਸ ਦੇ ਕੋਲ ਆਏ। ਉਨ੍ਹਾਂ ਵਿੱਚੋਂ ਇੱਕ ਸਤਫਨਾਸ ਸੀ, ਜਿਹੜਾ ਅਖਾਯਾ ਵਿੱਚ ਉਸ ਦੇ ਦੁਆਰਾ ਪ੍ਰਭੂ ਵਿੱਚ ਪਹਿਲਾਂ ਆਉਣ ਵਾਲਿਆਂ ਵਿੱਚੋਂ ਇੱਕ ਸੀ (16:15–17)। ਇਨ੍ਹਾਂ ਮਿੱਤਰਾਂ ਦੇ ਨਾਮ ਸਾਨੂੰ ਉਨ੍ਹਾਂ ਬਾਰੇ ਥੋੜੀ ਜਿਹੀ ਜਾਣਕਾਰੀ ਦਿੰਦੇ ਹਨ। ਕਿਉਂ ਜੋ ਸਤਫਨਾਸ ਦਾ ਨਾਮ ਉਸ ਦੇ ਘਰਾਣੇ ਨਾਲ ਲਿਖਿਆ ਹੈ, ਅਤੇ ਕਿਉਂ ਜੋ ਪੌਲੁਸ ਨੇ ਕਲੀਸਿਯਾ ਨੂੰ ਬੇਨਤੀ ਕੀਤੀ ਸੀ ਕਿ ਉਹ ਉਸ ਦੇ ਅਤੇ ਉਸ ਜਿਹੇ ਹੋਰ ਲੋਕਾਂ ਦੇ ਅਧੀਨ ਰਹਿਣ, ਇਸ ਕਰਕੇ ਇਹ ਆਖਿਆ ਜਾ ਸਕਦਾ ਹੈ ਕਿ ਸਤਫਨਾਸ ਦਾ ਕਲੀਸਿਯਾ ਵਿੱਚ ਚੰਗਾ ਪ੍ਰਭਾਵ ਸੀ। ਸੰਭਵ ਹੈ ਕਿ ਉਹ ਇੱਕ ਪ੍ਰਭਾਵਸ਼ਾਲੀ ਅਤੇ ਧਨਵਾਨ ਵਿਅਕਤੀ ਰਿਹਾ ਹੋਵੇ। ਉਸ ਦਾ ਨਾਮ ਯੂਨਾਨੀਆਂ ਵਿੱਚ ਇੱਕ ਪ੍ਰਚਲਿਤ ਨਾਮ ਸੀ। ਅੰਗ੍ਰੇਜੀ ਦੇ ਨਾਮਾ "ਸਟੀਫਨ" ਅਤੇ "ਸਟੇਫਨੀ" ਵਰਗੇ ਨਾਮਾਂ ਦੀ ਤਰ੍ਹਾਂ ਇਹ ਯੂਨਾਨੀ ਦੇ ਸਬਦ στέφανος (*ਸਟੇਫਾਨੋਸ*) ਤੋਂ ਲਿਆ ਗਿਆ ਹੈ, ਜੋ ਜੇਤੂ ਦੇ ਉਸ ਮੁਕਟ ਵੱਲ ਸੰਕੇਤ ਕਰਦਾ ਹੈ ਜਿਹੜਾ ਖੇਡਾਂ ਦੇ ਜੇਤੂਆਂ ਨੂੰ ਦਿੱਤਾ ਜਾਂਦਾ ਸੀ।

ਸਤਫਨਾਸ ਦੇ ਨਾਲ ਆਏ ਦੋਵੇਂ ਸਾਥੀਆਂ ਦੇ ਨਾਮ ਆਮਤੌਰ 'ਤੇ ਗੁਲਾਮਾਂ ਦੇ ਨਾਮ ਹੁੰਦੇ ਸਨ। "ਫੁਰਤੂਨਾਤੁਸ" ਦਾ ਅਰਥ "ਕਿਸਮਤਵਾਲਾ" ਜਾਪਦਾ ਹੈ। ਉਸ ਦੇ ਅਜਿਹਾ ਨਾਮ ਰੱਖੇ ਜਾਣ ਪਿੱਛੇ ਕੋਈ ਲੰਮੀ ਕਹਾਣੀ ਰਹੀ ਹੋਵੇਗੀ। "ਅਖਾਇਕੁਸ" ਦਾ ਅਰਥ ਹੈ "ਅਖਾਯਾ ਦਾ ਨਿਵਾਸੀ।" ਅਖਾਯਾ ਉਸ ਸੂਬੇ ਦਾ ਨਾਮ ਹੈ ਜਿਸ ਵਿੱਚ, ਕੁਰਿੰਥੁਸ ਸਥਾਪਿਤ ਸੀ। ਇਹ ਦੋ ਵਿਅਕਤੀ ਫੁਰਤੂਨਾਤੁਸ ਅਤੇ ਅਖਾਇਕੁਸ ਸਤਫਨਾਸ ਦੇ ਗੁਲਾਮ ਹੋ ਸਕਦੇ ਹਨ। ਪੌਲੁਸ ਇਨ੍ਹਾਂ ਮਾਲਕ ਅਤੇ ਗੁਲਾਮਾਂ ਦੋਨਾਂ ਨੂੰ ਪ੍ਰਭੂ ਵਿੱਚ ਲੈ ਕੇ ਆਇਆ ਸੀ, ਅਤੇ ਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਸੀ ਕਿ ਪ੍ਰਭੂ ਨੂੰ ਕਬੂਲ ਕਰਨ ਦੇ ਕਾਰਣ ਉਨ੍ਹਾਂ ਦੇ ਦਰਜੇ ਉੱਤੇ ਪ੍ਰਭਾਵ ਪਿਆ ਹੋਵੇਗਾ (ਕੁਲੁੱਸੀਆਂ 3:22; 4:1)।

ਇਨ੍ਹਾਂ ਤਿੰਨੇ ਯਾਤਰੀਆਂ ਨੇ ਨਾ ਸਿਰਫ ਪੌਲੁਸ ਨੂੰ ਕਲੀਸਿਯਾ ਬਾਰੇ ਵਧੇਰੀ ਜਾਣਕਾਰੀ ਦਿੱਤੀ, ਜਿਸ ਤੋਂ ਕਲੀਸਿਯਾ ਵਿੱਚ ਫੁੱਟ ਬਾਰੇ ਉਸ ਦੇ ਅੰਦਾਜ਼ੇ ਨੂੰ ਦ੍ਰਿੜ੍ਹ ਕੀਤਾ, ਸਗੋਂ ਉਹ ਆਪਣੇ ਨਾਲ ਭਰਾਵਾਂ ਕੋਲੋਂ ਇੱਕ ਪੱਤਰ ਵੀ ਲੈ ਕੇ ਆਏ ਸਨ। ਪੱਤਰ ਵਿੱਚ ਕੁਰਿੰਥੁਸ ਦੇ ਮਸੀਹੀਆਂ ਨੇ ਪੌਲੁਸ ਅੱਗੇ ਪ੍ਰਸ਼ਨ ਰੱਖੇ ਸਨ। ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਕੁਝ ਮਹੱਤਵਪੂਰਣ ਮਸਲਿਆਂ ਬਾਰੇ ਕੀ ਫੈਸਲਾ ਕਰਨ। ਕੁਰਿੰਥੁਸ ਦੀ ਕਲੀਸਿਯਾ ਨੂੰ ਪੱਤਰ ਲਿਖਣ ਦੀ ਪੌਲੁਸ ਦੀ ਯੋਜਨਾ ਨੇ ਇੱਕ ਨਵੀਂ ਕਾਹਲ ਅਤੇ ਨਵੀਂ ਦਿਸ਼ਾ ਲੈ ਲਈ। ਇਸ ਪੱਤਰ ਨੂੰ ਲਿਖਦਿਆਂ ਉਸ ਨੇ ਉਸ ਪੱਤਰ ਦਾ ਜ਼ਿਕਰ ਕੀਤਾ ਜਿਹੜਾ ਉਨ੍ਹਾਂ ਨੇ ਲਿਖਿਆ ਸੀ

(1 ਕੁਰਿੰਥੀਆਂ 7:1)। ਉਸ ਨੇ ਉਨ੍ਹਾਂ ਦੇ ਪ੍ਰਸ਼ਨਾਂ ਦਾ ਜਵਾਬ “ਹੁਣ . . . ਦੇ ਵਿਖੇ” ਸ਼ਬਦਾਂ ਦੁਆਰਾ ਦਿੱਤਾ (7:1; 8:1; 12:1; 16:1)।

ਕੁਰਿੰਥੁਸ ਵਿੱਚ ਪੌਲੁਸ ਦੇ ਆਉਣ ਤੋਂ ਪਹਿਲਾਂ ਇਸ ਨਗਰ ਅਤੇ ਉਸ ਦੇ ਲੋਕਾਂ ਬਾਰੇ ਕਹਾਣੀਆਂ ਅਤੇ ਲੋਕ-ਕਥਾਵਾਂ, ਕਲਪਿਤ ਕਥਾਵਾਂ ਅਤੇ ਕਿੱਸੇ ਗ੍ਰੀਕੋ-ਰੋਮੀ ਸੰਸਾਰ ਦੇ ਸਭਨਾਂ ਇਲਾਕਿਆਂ ਵਿੱਚ ਫੈਲੇ ਹੋਏ ਸਨ। ਯੂਰਪ ਅਤੇ ਏਸ਼ੀਆ ਨੂੰ ਜੋੜਣ ਵਾਲੀ ਤੰਗ ਘਾਟੀ ਵਪਾਰ ਦੇ ਖੇਤਰ ਵਿੱਚ ਬਹੁਤ ਮਹੱਤਵਪੂਰਣ ਥਾਂ ਸੀ। ਪੌਲੁਸ ਨੇ ਆਪਣੇ ਸਾਹਮਣੇ ਕੈਸਰ ਨੂੰ ਵੇਖ ਕੇ ਕੁਰਿੰਥੁਸ ਦੇ ਕੇਂਦਰ ਦੇ ਮਹੱਤਵ ਨੂੰ ਸਿਆਣ ਲਿਆ ਸੀ। ਕੈਸਰ ਰੋਮ ਦੀ ਸ਼ਕਤੀ ਚਾਹੁੰਦਾ ਸੀ; ਪੌਲੁਸ ਦਾ ਕੇਂਦਰ ਇੰਜੀਲ ਦਾ ਪ੍ਰਚਾਰ ਸੀ।

## ਵਿਸ਼ਾ-ਵਸਤੂ ਅਤੇ ਰੂਪਰੇਖਾ

ਸੰਖੇਪ ਵਿੱਚ ਦਿੱਤੀ ਭੂਮਿਕਾ ਅਤੇ ਸਿੱਟੇ ਤੋਂ ਇਲਾਵਾ, ਪੌਲੁਸ ਦੁਆਰਾ ਕੁਰਿੰਥੀਆਂ ਨੂੰ ਲਿਖੇ ਗਏ ਪਹਿਲੇ ਪੱਤਰ ਦੇ ਦੋ ਮੁੱਖ ਹਿੱਸੇ ਹਨ: ਕਲੀਸਿਯਾ ਵਿਚਲੀਆਂ ਸਮੱਸਿਆਵਾਂ ਜਿਨ੍ਹਾਂ ਉੱਤੇ ਗੌਰ ਕੀਤੇ ਜਾਣ ਅਤੇ ਜਿਨ੍ਹਾਂ ਦਾ ਸੁਧਾਰ ਕੀਤੇ ਜਾਣ ਦੀ ਲੋੜ ਸੀ (ਅਧਿਆਇ 1–6) ਕਲੀਸਿਯਾ ਵੱਲੋਂ ਪੌਲੁਸ ਤੋਂ ਪੁੱਛੇ ਗਏ ਸਵਾਲਾਂ ਦੇ ਜਵਾਬ (ਅਧਿਆਇ 7–16)। ਪੌਲੁਸ ਦੁਆਰਾ ਕੁਰਿੰਥੁਸ ਦੀ ਕਲੀਸਿਯਾ ਨੂੰ ਲਿਖੀਆਂ ਗਈਆਂ ਇਨ੍ਹਾਂ ਲਿਖਤਾਂ ਸਦਕਾ ਸੰਸਾਰ ਵਿੱਚ ਬਦਲਾਉ ਆਇਆ ਹੈ, ਪਵਿੱਤਰ ਸ਼ਾਸਤਰ ਨੇ ਸਥਾਨਕ ਦਰਜੇ ਦੇ ਲਾਗੂਕਰਣ ਦਿੱਤੇ ਹਨ ਅਤੇ ਸਮੂਚੇ ਤੌਰ ’ਤੇ ਕਲੀਸਿਯਾ ਮਜਬੂਤ ਬਣੀ ਹੈ। ਰਸੂਲ ਪੌਲੁਸ ਦੁਆਰਾ ਲਿਖੇ ਗਏ ਸਭ ਤੋਂ ਲੰਮੇ ਅਤੇ ਪ੍ਰਭਾਵਸ਼ਾਲੀ ਪੱਤਰ ਰੋਮੀਆਂ ਅਤੇ 1 ਕੁਰਿੰਥੀਆਂ ਹਨ। ਇਨ੍ਹਾਂ ਦੋਵਾਂ ਦਾ ਵਿਸ਼ਾ-ਵਸਤੂ ਪੂਰੀ ਤਰ੍ਹਾਂ ਭਿੰਨ ਹੈ। ਰੋਮੀਆਂ ਦਾ ਪੱਤਰ ਇੰਜੀਲ ਦੀ ਸਿਲਸਿਲੇਵਾਰ ਅਤੇ ਰਸੂਲੀ ਪੇਸ਼ਗੀ ਹੈ ਜਿਵੇਂ ਕਿ ਮਸੀਹੀਆਂ ਨੂੰ ਅਸਲ ਵਿੱਚ ਕਰਨਾ ਚਾਹੀਦਾ ਹੈ; 1 ਕੁਰਿੰਥੀਆਂ ਉਨ੍ਹਾਂ ਵਿਹਾਰਕ ਮਸਲਿਆਂ ਨਾਲ ਨਜਿੱਠਦੀ ਹੈ ਜੋ ਇੱਕ ਅਜਿਹੀ ਕਲੀਸਿਯਾ ਵਿੱਚੋਂ ਨਿੱਕਲਦੇ ਹਨ ਜਿਹੜੀ ਮਸੀਹ ਨੂੰ ਜਾਣਨ ਲਈ ਸੰਘਰਸ਼ ਕਰ ਰਹੀ ਸੀ। ਪੰਜਾਹ ਕੁ ਵਰ੍ਹੇ ਪਹਿਲਾਂ ਸੀ. ਕੇ. ਬੈਰੇਟ ਨੇ ਦੋਹਾਂ ਪੱਤਰਾਂ ਦੀ ਲੋੜ ਦੀ ਗਵਾਹੀ ਦਿੱਤੀ:

> ਮੇਰਾ ਮੰਨਣਾ ਹੈ ਕਿ ਸਾਡੀ ਪੀੜ੍ਹੀ ਦੀ ਕਲੀਸਿਯਾ ਨੂੰ ਰਸੂਲੀ ਇੰਜੀਲ ਨੂੰ ਖੋਜਣ ਦੀ ਲੋੜ ਹੈ; ਅਤੇ ਇਸ ਦੇ ਲਈ ਰੋਮੀਆਂ ਦੀ ਪੱਤਰੀ ਦੀ ਲੋੜ ਹੈ। ਕਲੀਸਿਯਾ ਨੂੰ ਇਸ ਇੰਜੀਲ ਅਤੇ ਇਸ ਦੇ ਕ੍ਰਮ, ਅਨੁਸ਼ਾਸਨ, ਬੰਦਗੀ, ਅਤੇ ਸਦਾਚਾਰ ਨੂੰ ਵੀ ਖੋਜਣ ਦੀ ਲੋੜ ਹੈ; ਅਤੇ ਇਸ ਦੇ ਲਈ ਕੁਰਿੰਥੀਆਂ ਦੀ ਪਹਿਲੀ ਪੱਤਰੀ ਦੀ ਲੋੜ ਹੈ।[16]

ਬੈਰੇਟ ਦੁਆਰਾ ਇਨ੍ਹਾਂ ਸ਼ਬਦਾਂ ਨੂੰ ਲਿਖੇ ਜਾਣ ਤੋਂ ਕਈ ਦਹਾਕੇ ਬੀਤ ਚੁੱਕੇ ਹਨ, ਪਰ ਇਹ ਅੱਜ ਦੇ ਸੰਸਾਰ ਵਿੱਚ ਵੀ ਓਨੇ ਹੀ ਲਾਗੂ ਹੁੰਦੇ ਹਨ ਜਿੰਨੇ ਉਨ੍ਹਾਂ ਦੇ ਸੰਸਾਰ ਵਿੱਚ ਹੁੰਦੇ ਸਨ।

ਪੌਲੁਸ ਦੁਆਰਾ ਕੁਰਿੰਥੀਆਂ ਨੂੰ ਲਿਖੇ ਗਏ ਪਹਿਲੇ ਪੱਤਰ ਦੀ ਰੂਪਰੇਖਾ ਇਸ ਪ੍ਰਕਾਰ ਹੈ:

ਭੂਮਿਕਾ: ਪੌਲੁਸ ਅਤੇ ਸੋਸਥਨੇਸ ਵੱਲੋਂ ਸਲਾਮ (1:1-3)

I. ਕਲੀਸਿਯਾ ਵਿਚਲੀਆਂ ਸਮੱਸਿਆਵਾਂ ਜਿਨ੍ਹਾਂ ਉੱਤੇ ਗੌਰ ਕੀਤੇ ਜਾਣ ਅਤੇ ਜਿਨ੍ਹਾਂ ਦਾ ਸੁਧਾਰ ਕੀਤੇ ਜਾਣ ਦੀ ਲੋੜ ਸੀ (1:4–6:20)
   A. ਬੁੱਧੀ ਅਤੇ ਫਿਰਕੂ ਝਗੜਿਆਂ ਦਾ ਕੋਈ ਮੇਲ ਨਹੀਂ (1:4–4:21)
   B. ਨੈਤਿਕ ਖਰਾਈ ਲਈ ਮਸੀਹ ਦੀਆਂ ਮੰਗਾਂ (5:1–6:20)

II. ਕਲੀਸਿਯਾ ਵੱਲੋਂ ਪੌਲੁਸ ਤੋਂ ਪੁੱਛੇ ਗਏ ਸਵਾਲਾਂ ਦੇ ਜਵਾਬ (7:1–16:18)
   A. ਵਿਆਹ ਬਾਰੇ ਸਵਾਲ (7:1-40)
   B. ਮੂਰਤੀ-ਪੂਜਾ ਅਤੇ ਹੋਰਨਾਂ ਮਸਲਿਆਂ ਬਾਰੇ ਸਵਾਲ (8:1–11:34)
   C. ਆਤਮਕ ਦਾਤਾਂ ਬਾਰੇ ਸਵਾਲ (12:1–14:40)
   D. ਮ੍ਰਿਤਕਾਂ ਦੇ ਜੀ ਉੱਠਣ ਬਾਰੇ ਸਵਾਲ (15:1-58)
   E. ਆਖਰੀ ਮਸਲੇ (16:1-18)

ਸਿੱਟਾ (16:19-24)

# ਪ੍ਰਾਸੰਗਿਕਤਾ

### ਅਨੈਤਿਕਤਾ ਅਤੇ ਜੀਵਨ ਦਾ ਅਪਮਾਨ

ਐਫ੍ਰੋਡਾਈਟ ਪ੍ਰੇਮ ਦੀ ਦੇਵੀ ਸੀ, ਪਰ ਉਹ ਬੱਚਿਆਂ ਦੇ ਜਨਮ ਅਤੇ ਪਰਿਵਾਰਾਂ ਦੀ ਦੇਵੀ ਨਹੀਂ ਸੀ। ਬੱਚਿਆਂ ਦੇ ਜਨਮ ਵੇਲੇ ਸੁਰੱਖਿਆ ਲਈ ਯੂਨਾਨੀ ਲੋਕ ਜ਼ਿਉਸ ਦੀ ਪਤਨੀ ਹੇਰਾ ਜਾਂ ਅਰਤਿਮਿਸ ਨੂੰ ਪੂਜਦੇ ਸਨ ਅਤੇ ਪਰਿਵਾਰਿਕ ਮਸਲਿਆਂ ਲਈ ਚੁੱਲ੍ਹੇ ਦੀ ਦੇਵੀ ਹੇਸਤਿਯਾ ਨੂੰ ਪੂਜਦੇ ਸਨ। ਐਫ੍ਰੋਡਾਈਟ ਦੇ ਲਈ ਪ੍ਰੇਮ-ਪ੍ਰਸੰਗਾਂ ਤੋਂ ਜਨਮੇ ਬੱਚੇ ਬੋਝ ਬਣ ਜਾਂਦੇ ਹੋਣੇ। ਉਸ ਵੇਲੇ ਉਹ ਕਿਤੇ ਨਜ਼ਰ ਨਹੀਂ ਆਉਂਦੀ ਸੀ ਜਦੋਂ ਵੇਸਵਾਵਾਂ ਆਪਣੇ ਭਰੂਣਾਂ ਦੀ ਹੱਤਿਆ ਕਰਾਉਂਦੀਆਂ ਸਨ ਅਤੇ ਇਸ ਪ੍ਰਕਿਰਿਆ ਵਿੱਚ ਆਮਤੌਰ ’ਤੇ ਮਰ ਜਾਂਦੀਆਂ ਸਨ, ਜਾਂ ਫਿਰ ਜਦ ਕਿਸੇ ਨਵਜੰਮੇਂ ਬੱਚੇ ਨੂੰ ਪਹਾੜੀ ’ਤੇ ਖੁੱਲ੍ਹੇ ਵਿੱਚ ਛੱਡ ਦਿੱਤਾ ਜਾਂਦਾ ਸੀ।

ਐਫ੍ਰੋਡਾਈਟ ਦਾ ਮਿਥਿਹਾਸ ਅਨੈਤਿਕਤਾ ਅਤੇ ਸਸਤੀ ਮਨੁੱਖੀ ਜ਼ਿੰਦਗੀ ਵਿਚਕਾਰਲੇ ਸੰਬੰਧ ਨੂੰ ਦਰਸਾਉਂਦਾ ਹੈ। ਇਹ ਦੋਵੇਂ ਨਾਲ-ਨਾਲ ਚੱਲਦੇ ਪ੍ਰਤੀਤ ਹੁੰਦੇ ਹਨ। ਯੂਨਾਨੀਆਂ ਦੇ ਮਿਥਿਹਾਸ ਵਿੱਚ ਐਫ੍ਰੋਡਾਈਟ ਨੂੰ ਕਦੇ-ਕਦੇ ਜ਼ਿਉਸ ਅਤੇ ਹੇਰਾ ਦੇ ਭੰਡ ਪੁੱਤਰ ਹੇਫਾਏਸਤੁਸ ਦੀ ਪਤਨੀ ਆਖਿਆ ਜਾਂਦਾ ਹੈ, ਜੋ ਪਿੰਗਲਾ ਸੀ ਅਤੇ ਦੇਵਤਿਆਂ ਦਾ ਦਸਤਕਾਰ ਸੀ। ਪਰ ਸਮਾਂ ਬੀਤਣ ਦੇ ਨਾਲ-ਨਾਲ ਉਸ ਨੂੰ ਏਰੀਸ ਆਖਿਆ ਜਾਣ ਲੱਗ ਪਿਆ। ਏਰੀਸ ਨੂੰ ਰੋਮ ਵਿੱਚ ਮਾਰਸ ਆਖਿਆ ਜਾਂਦਾ ਸੀ, ਪਰ ਮਾਰਸ ਵਿੱਚ ਨਿਸਤਾਰੇ ਦੇ ਕੁਝ ਗੁਣ ਸਨ। ਉਸ ਦੀਆਂ ਖੇਤੀਬਾੜੀ ਸੰਬੰਧਿਤ ਕੁਝ ਸਮਾਨਤਾਵਾਂ ਵੀ ਸਨ। ਯੂਨਾਨੀ ਦੇਵਤਾ ਏਰੀਸ ਨੂੰ ਸਿਰਫ ਲਹੂ, ਸਿੰਗ ਮਾਰਨ ਅਤੇ ਮੌਤ ਦੇ ਨਾਲ ਹੀ ਜੋੜ ਕੇ ਵੇਖਿਆ ਜਾਂਦਾ ਸੀ। ਪੌਲੁਸ ਦੇ ਸਮੇਂ ਤੋਂ ਮਿਲੀਆਂ ਕਲਾਕ੍ਰਿਤੀਆਂ ਵਿੱਚ ਪ੍ਰੇਮ ਦੀ ਦੇਵੀ ਐਫ੍ਰੋਡਾਈਟ ਨੂੰ ਯੁੱਧ ਦੇ ਮੈਦਾਨ ਵਿੱਚ ਖਿਲਰੀਆਂ ਪਈਆਂ ਕੱਟੀਆਂ-ਵੱਢੀਆਂ ਲੋਥਾਂ ਦੇ ਦੇਵਤਾ ਏਰੀਸ ਦੀਆਂ ਬਾਹਾਂ ਵਿੱਚ ਬਾਹਾਂ

ਪਾਈ ਦਿਖਾਇਆ ਗਿਆ ਹੈ।

ਐਫ੍ਰੋਡਾਈਟ ਅਤੇ ਏਰੀਸ ਵਿਚਕਾਰ ਸੰਬੰਧ ਮਨੁੱਖੀ ਸੋਚ ਦੇ ਹਨੇਰੇ ਪਾਸੇ ਨੂੰ ਦਰਸਾਉਂਦੇ ਹਨ। ਜਦ ਲੋਕ ਜਿਨਸੀ ਸੰਬੰਧਾਂ ਨੂੰ ਸਮਰਪਣ, ਪਰਿਵਾਰ, ਅਤੇ ਘਰ ਤੋਂ ਵੱਖਰਾ ਕਰ ਦਿੰਦੇ ਹਨ ਤਾਂ ਮਨੁੱਖੀ ਜੀਵਨ ਬਹੁਤ ਸਸਤਾ ਹੋ ਜਾਂਦਾ ਹੈ। ਜੇਕਰ ਜੀਵਨ ਦੇ ਹਿੰਸਕ ਅਪਮਾਨ ਅਤੇ ਜਿਨਸੀ ਸੰਬੰਧਾਂ ਦੀ ਲਾਲਸਾ ਵਿੱਚ ਸੰਜਮ ਦੀ ਘਾਟ ਦਾ ਆਪਸੀ ਸੰਬੰਧ ਨਾ ਹੁੰਦਾ ਤਾਂ ਐਫ੍ਰੋਡਾਈਟ ਅਤੇ ਏਰੀਸ ਵਿਚਕਾਰਲੇ ਸੰਬੰਧ ਨੂੰ ਖਾਰਿਜ ਕੀਤਾ ਜਾ ਸਕਦਾ ਸੀ ਪੁਰਾਣੇ ਨੇਮ ਦੇ ਸਮਿਆਂ ਵਿੱਚ ਪ੍ਰਚਲਿਤ ਜਣਨ ਸ਼ਕਤੀ ਸੰਬੰਧੀ ਧਰਮਾਂ ਵਿੱਚ ਅਜਿਹੀਆਂ ਦੋ ਖਾਸ ਰੀਤੀਆਂ ਦੀ ਪਾਲਣਾ ਕੀਤੀ ਜਾਂਦੀ ਸੀ ਜਿਨ੍ਹਾਂ ਤੋਂ ਇਸਰਾਏਲ ਦੇ ਪਰਮੇਸ਼ੁਰ ਨੂੰ ਬਹੁਤ ਘਿਰਣਾ ਸੀ। ਪਹਿਲੀ ਸੀ ਧਾਰਮਿਕ ਵੇਸਵਾਗਮਨ। ਹੋਸ਼ੇਆ ਨੇ ਐਲਾਨ ਕੀਤਾ, ". . . ਏਸ ਲਈ ਤੁਹਾਡੀਆਂ ਧੀਆਂ ਵਿਭਚਾਰ ਕਰਦੀਆਂ ਹਨ। ਅਤੇ ਤੁਹਾਡੀਆਂ ਵਹੁਟੀਆਂ ਜ਼ਨਾਹ ਕਰਦੀਆਂ ਹਨ" (ਹੋਸ਼ੇਆ 4:13)। ਫਿਰ ਉਸ ਨੇ ਆਖਿਆ, "ਅੰਨ ਦੇ ਹਰ ਇੱਕ ਪਿੜ ਉੱਤੇ ਤੈਂ ਆਪਣੀ ਖਰਚੀ ਨੂੰ ਪਿਆਰ ਕੀਤਾ ਹੈ" (ਹੋਸ਼ੇਆ 9:1)। ਕਨਾਨੀ ਧਰਮ ਦੀ ਦੂਜੀ ਰੀਤੀ ਜਿਸ ਤੋਂ ਪਰਮੇਸ਼ੁਰ ਨੂੰ ਘਿਰਣਾ ਸੀ, ਮਨੁੱਖੀ ਬਲੀ ਸੀ। ਯਿਰਮਿਯਾਹ ਨੇ ਆਪਣੇ ਤਥਾਕਥਿਤ "ਹੈਕਲ ਸੰਦੇਸ਼" ਵਿੱਚ ਉਸ ਨੇ ਆਖਿਆ, "ਓਹਨਾਂ ਨੇ . . . ਉੱਚੇ ਅਸਥਾਨ . . . ਬਣਾਏ ਭਈ ਆਪਣੇ ਪੁੱਤ੍ਰਾਂ ਅਤੇ ਧੀਆਂ ਨੂੰ ਅੱਗ ਵਿੱਚ ਸਾੜਨ" (ਯਿਰਮਿਯਾਹ 7:31)। ਕਨਾਨ ਦੀ ਮੂਰਤੀ ਪੂਜਾ ਵਿੱਚ ਜਿਨਸੀ ਸੰਬੰਧਾਂ ਦੀ ਪੂਜਾ ਦੇ ਨਾਲ-ਨਾਲ ਮੋਲੇਕ ਅੱਗੇ ਬੱਚਿਆਂ ਦੀ ਬਲੀ ਵੀ ਸ਼ਾਮਿਲ ਸੀ।

ਆਧੁਨਿਕ ਸੰਸਾਰ ਵਿੱਚ ਵੀ ਜਿਨਸੀ ਸੰਬੰਧਾਂ ਦੀ ਅਜ਼ਾਦੀ – ਅਰਥਾਤ ਵਿਆਹ ਕੀਤੇ ਬਿਨਾ ਜੋੜਿਆਂ ਦਾ ਇਕੱਠਿਆਂ ਰਹਿਣਾ, ਅਸਾਨੀ ਨਾਲ ਤਲਾਕ ਦੇ ਦੇਣਾ, ਅਤੇ ਲੱਚਰਤਾ ਵਿੱਚ ਵਾਧਾ – ਨੂੰ ਜੀਵਨ ਦੇ ਅਪਮਾਨ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਗਰਭਪਾਤ ਨੂੰ ਮਨੁੱਖੀ ਅਧਿਕਾਰ ਦਾ ਨਾਮ ਦੇ ਦਿੱਤਾ ਗਿਆ ਹੈ। ਪੁਰਾਤਨ ਸੰਸਾਰ ਵਿੱਚ ਨਵਜੰਮਿਆਂ ਦੀ ਹੱਤਿਆ ਅੱਜ ਦੀ ਭਰੂਣ ਹੱਤਿਆ ਦੇ ਬਰਾਬਰ ਸੀ। ਮਸੀਹ ਤੋਂ ਪਹਿਲਾਂ ਕਈ ਵਰ੍ਹਿਆਂ ਤੱਕ ਯੂਨਾਨੀਆਂ ਵਿੱਚ ਇਹ ਇੱਕ ਆਮ ਪ੍ਰਥਾ ਸੀ ਕਿ ਜੇਕਰ ਲੋਕ ਕਿਸੇ ਬੱਚੇ ਨੂੰ ਨਹੀਂ ਚਾਹੁੰਦੇ ਸਨ ਤਾਂ ਉਸ ਨੂੰ ਕਿਸੇ ਪਹਾੜੀ ਉੱਤੇ ਕੁਦਰਤ ਦੀਆਂ ਮਾਰਾਂ ਅਤੇ ਜੰਗਲੀ ਜਾਨਵਰਾਂ ਦੇ ਲਈ ਇਕੱਲਾ ਛੱਡ ਦਿੱਤਾ ਜਾਂਦਾ ਸੀ। ਜਿਹੜੇ ਲੋਕ ਅਜਿਹੇ ਕੰਮ ਕਰਦੇ ਸਨ, ਉਨ੍ਹਾਂ ਦੇ ਲਈ ਜ਼ਿੰਦਗੀ ਬਹੁਤ ਸਸਤੀ ਸੀ। ਪੌਲੁਸ ਦੇ ਸਮੇਂ ਵਿੱਚ ਜੇਕਰ ਕੋਈ ਇਸਤਰੀ ਬੱਚਾ ਨਹੀਂ ਚਾਹੁੰਦੀ ਸੀ, ਆਖਦੀ ਸੀ ਕਿ ਭਰੂਣ ਹੱਤਿਆ ਕਰਨ ਨਾਲੋਂ ਬੱਚੇ ਨੂੰ ਜਨਮ ਦੇਣਾ ਸੁਰੱਖਿਅਤ ਹੁੰਦਾ ਸੀ। ਉਸ ਦੀ ਮਾਨਤਾ ਇਹ ਹੋ ਸਕਦੀ ਸੀ ਕਿ ਜਨਮ ਤੋਂ ਇੱਕ ਘੰਟਾ ਪਹਿਲਾਂ ਅਤੇ ਇੱਕ ਘੰਟਾ ਬਾਅਦ ਤੱਕ ਬੱਚਾ ਇਨਸਾਨ ਨਹੀਂ ਗਿਣਿਆ ਜਾ ਸਕਦਾ ਸੀ।

ਜਿਨਸੀ ਸੰਬੰਧਾਂ ਵਿੱਚ ਅਨੈਤਿਕਤਾ ਅਤੇ ਬੇਗੁਨਾਹ ਬੱਚਿਆਂ ਦੀ ਹੱਤਿਆ ਆਪਸ ਵਿੱਚ ਸੰਬੰਧਿਤ ਸਨ। ਕਿਉਂਕਿ ਜਿਨਸੀ ਸੰਬੰਧਾਂ ਦੇ ਸੰਤੋਖ ਦਾ ਸੰਬੰਧ ਨਵੇਂ ਜੀਵਨ ਦੇ ਜਨਮ ਦੇ ਨਾਲ ਜ਼ਰੂਰ ਹੈ। ਜਿਨਸੀ ਸੰਬੰਧਾਂ ਅਤੇ ਜੀਵਨ ਦਾ ਸਨਮਾਨ ਇਕੱਠੇ ਵਧਦੇ ਜਾਂ ਡਿੱਗਦੇ ਹਨ। ਜਦ ਜਿਨਸੀ ਸੰਬੰਧ ਸਿਰਫ ਆਤਮ ਸੰਤੋਖ ਲਈ ਹੁੰਦਾ ਹੈ, ਤਾਂ ਫਿਰ ਛੇਤੀ ਹੀ ਉਸ ਨਾਲ ਸੰਤੋਖ ਮਿਲਣਾ ਵੀ ਬੰਦ ਹੋ ਜਾਂਦਾ ਹੈ। ਸਮਰਪਣ ਨੂੰ ਜਿਨਸੀ ਸੰਬੰਧਾਂ ਦੀ ਥਾਂ ਦੇਣ ਦੇ ਦੁਆਰਾ ਆਧੁਨਿਕ ਸੰਸਾਰ ਪੁਰਾਤਨ ਸੰਸਾਰ ਦੇ ਰਾਹਾਂ 'ਤੇ ਤੁਰ ਪਿਆ ਹੈ।

## ਟਿੱਪਣੀਆਂ

[1]διασπορά (*ਡਾਯਾਸਪੋਰਾ*) ਸ਼ਬਦ ਦੀ ਵਰਤੋਂ ਨਵੇਂ ਨੇਮ ਵਿੱਚ ਤਿੰਨ ਵਾਰੀ ਕੀਤੀ ਗਈ ਹੈ: ਯੂਹੰਨਾ 7:35; ਯਾਕੂਬ 1:1; ਅਤੇ 1 ਪਤਰਸ 1:1 ਵਿੱਚ। ਆਖਰੀ ਦੋ ਆਇਤਾਂ ਵਿੱਚ ਇਹ ਸ਼ਬਦ ਮਸੀਹੀ ਲੋਕਾਂ ਦਾ ਹਵਾਲਾ ਦਿੰਦਾ ਹੈ ਜਿਹੜੇ ਖਿੰਡੇ ਪਏ ਸਨ। ਮਸੀਹੀ ਲੋਕਾਂ ਦਾ ਵਤਨ ਸੁਰਗ ਹੈ, ਜਦਕਿ ਯਹੂਦੀਆਂ ਦਾ ਕਨਾਨ ਸੀ। [2]ਹੇਰੋਡੋਟੁਸ *ਪਰਸ਼ਿਅਨ ਵਾਰਸ* 2.167. ਹੇਰੋਡੋਟੁਸ (484-425 ਈ. ਪੂ.), ਇੱਕ ਯੂਨਾਨੀ ਇਤਹਾਸਕਾਰ, ਹੈਲੀਕਾਰਨਾਸੁਸ (ਆਧੁਨਿਕ ਬੋਡਰੁਮ, ਤੁਰਕੀ) ਵਿੱਚ ਰਹਿੰਦਾ ਸੀ। ਉਸ ਨੂੰ "ਇਤਹਾਸ ਦਾ ਪਿਤਾ" ਆਖਿਆ ਜਾਂਦਾ ਹੈ ਕਿਉਂਕਿ ਉਹ ਪਹਿਲਾ ਅਜਿਹਾ ਇਤਹਾਸਕਾਰ ਸੀ ਜਿਸ ਨੇ ਸਿਲਸਿਲੇਵਾਰ ਸਮੱਗਰੀ ਇਕੱਤਰ ਕੀਤੀ ਸੀ ਅਤੇ ਫਿਰ ਉਸ ਨੂੰ ਇਤਹਾਸਕ ਬਿਰਤਾਂਤ ਵਿੱਚ ਤਰਤੀਬ ਸਿਰ ਲਿਖਿਆ ਸੀ। ਉਸ ਦੁਆਰਾ ਲਿਖੇ ਗਏ ਯੂਨਾਨੀ-ਫਾਰਸੀ ਯੁੱਧ ਦੇ ਵੇਰਵੇ ਵਿੱਚ ਭੂਗੋਲਿਕ ਅਤੇ ਉਸ ਵੇਲੇ ਦੇ ਲੋਕਾਂ ਅਤੇ ਰੀਤੀ-ਰਿਵਾਜ਼ਾਂ ਬਾਰੇ ਮੁੱਲਵਾਨ ਟਿੱਪਣੀਆਂ ਦਰਜ ਹਨ। ਕਿਉਂ ਜੋ ਉਸ ਦੀਆਂ ਲਿਖਤਾਂ ਉਨ੍ਹਾਂ ਜਾਣਕਾਰੀਆਂ ਉੱਤੇ ਅਧਾਰਿਤ ਸਨ ਜਿਹੜੀਆਂ ਹੋਰਨਾਂ ਲੋਕਾਂ ਨੇ ਉਸ ਨੂੰ ਦਿੱਤੀਆਂ ਸਨ, ਇਸ ਕਰਕੇ ਉਨ੍ਹਾਂ ਵਿੱਚ ਸਟੀਕਤਾ ਦੀ ਘਾਟ ਹੋਣ ਦਾ ਖਤਰਾ ਸੀ; ਪਰ ਫਿਰ ਵੀ ਉਹ ਇਤਹਾਸ ਅਤੇ ਬਾਈਬਲ ਦੇ ਵਿਦਿਆਰਥੀਆਂ ਦੇ ਲਈ ਲਾਭਕਾਰੀ ਸਨ। [3]ਰੋਮੀ ਸਾਮਰਾਜ ਦੇ ਅਰੰਭ ਦਾ ਸਮਾਂ ਲਗਭਗ 27 ਈ. ਪੂ. ਮੰਨਿਆ ਜਾਂਦਾ ਹੈ, ਇਹ ਉਹ ਵਰ੍ਹਾ ਸੀ ਜਦ ਸੰਸਦ ਨੇ ਓਕਟੇਵਿਅਸ ਨੂੰ "ਔਗਸਤੁਸ" ਦੀ ਪਦਵੀ ਦਿੱਤੀ ਸੀ। [4]ਗਾਲੀਓ ਬਾਰੇ ਇਤਹਾਸਕ ਜਾਣਕਾਰੀ ਦਾ ਇੱਕ ਵਧੀਆ ਸਾਰ *ਦਿ ਐਂਕਰ ਬਾਈਬਲ ਡਿਕਸ਼ਨਰੀ,* ਸੰਪਾਦਕ ਡੇਵਿਡ ਨੋਏਲ ਫ੍ਰੀਡਮੈਨ (ਨਿਊ ਯੋਰਕ: ਡਬਲਡੇ, 1992), 2:901-3 ਵਿੱਚ ਕਲੌਸ ਹਾਕਰ, "ਗਾਲੀਓ" ਵਿੱਚ ਦਿੱਤਾ ਗਿਆ ਹੈ। [5]ਦੇਮੇਤੇਰ ਦੇ ਮੰਦਿਰ ਦੇ ਖੰਡਹਰ ਕੁਰਿੰਥੁਸ ਮਹਾਂਨਗਰ ਦੀਆਂ ਹੱਦਾਂ ਤੋਂ ਬਾਹਰ ਐਕ੍ਰੋਕੁਰਿੰਥੁਸ ਦੀਆਂ ਢਲਾਨਾਂ ਉੱਤੇ ਹਨ। ਇੱਥੋਂ ਪੁਰਾਤੱਤਵ ਸ਼ਾਸਤਰੀਆਂ ਨੂੰ ਭੋਜਨ ਖਾਣ ਦੇ ਕਮਰੇ ਅਤੇ ਭੋਜਨ ਖਾਣ ਨਾਲ ਸੰਬੰਧਤ ਵਸਤਾਂ ਮਿਲੀਆਂ ਹਨ। (ਨੈਂਸੀ ਬੁਕਿਡਿਸ ਐਂਡ ਰੋਨਲਡ ਸਟ੍ਰਾਉਡ, *ਦੇਮੇਤੇਰ ਐਂਡ ਪੇਰਸੇਫੋਨੇ ਇਨ ਏਂਸ਼ਿਅੰਟ ਕੋਰਿੰਥ* [ਪ੍ਰਿੰਸਟਨ: ਅਮੇਰਿਕਨ ਸਕੂਲ ਆਫ ਕਲਾਸਿਕਲ ਸਟਡੀਜ਼, 1987].) [6]ਕੁਰਿੰਥਿਸ ਦੇ ਸ਼ਿਲਾ-ਲੇਖਾਂ ਦੀਆਂ ਲਿਖਤਾਂ ਨੂੰ ਜੌਨ ਹਾਰਵੇ ਕੈਂਟ, *ਦਿ ਇੰਸਕ੍ਰਿਪਸ਼ਨਸ, 1926-1950, ਕੋਰਿੰਥ,* ਜਿਲਦ 8, ਬਿੰਦੂ 3 (ਪ੍ਰਿੰਸਟਨ, ਨਿਊ ਜਰਸੀ: ਅਮੇਰਿਕਨ ਸਕੂਲ ਆਫ ਕਲਾਸਿਕਲ ਸਟੱਡੀਜ਼ ਐਟ ਏਥੈਂਸ, 1966) ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ। [7]ਇਹ ਅਨੁਮਾਨ ਕਿ ਪੁਰਾਤਨ ਨਗਰਾਂ ਦੀ ਅਬਾਦੀ ਪੰਜ ਲੱਖ ਜਾਂ ਇਸ ਦੇ ਲਗਭਗ ਸੀ, ਪ੍ਰੈਸਟਨ ਡੁਏਨ ਵਾਰਡਨ ਐਂਡ ਰੋਜਰ ਐੱਸ. ਬੈਗਨਲ, "ਦ ਫੋਰਟੀ ਥਾਊਜ਼ੈਂਡ ਸਿਟੀਜ਼ਨ ਆਫ ਇਫੇਸੁਸ," *ਕਲਾਸਿਕਲ ਫਿਲੋਲੋਜੀ* 83 (ਜੁਲਾਈ 1988): 220-23 ਵਿੱਚ ਲਗਾਇਆ ਗਿਆ ਹੈ। [8]ਸਟ੍ਰਾਬੋ *ਜਿਓਗ੍ਰਾਫੀ* 8.6.20. [9]ਜੇਰੋਮ ਮਰਫੀ-ਓਕੋਨੇਰ, *ਸੇਂਟ ਪੌਲੁਸ ਕੋਰਿੰਥ: ਟੈਕਸਟ ਐਂਡ ਆਰਕੇਓਲੋਜੀ*, ਤੀਜਾ ਸੰਸਕਰਣ, ਸੋਧਿਆ ਅਤੇ ਸੰਪਾਦਨ (ਕਾਲੇਜਵਿਲ, ਮਿਨੀਸੋਟਾ: ਲਿਟਰਜਿਕਲ ਪ੍ਰੈਸ, 2002), 56. [10]ਸਟ੍ਰਾਬੋ *ਜਿਓਗ੍ਰਾਫੀ* 8.6.20.

[11]ਏਪਿਡੌਰੁਸ ਇੱਕ ਛੋਟਾ ਜਿਹਾ ਨਗਰ ਸੀ ਜਿਹੜਾ ਸਾਰੋਨਿਕ ਖਾੜੀ (ਕੁਰਿੰਥੁਸ ਦੇ ਇਸਥਮੁਸ ਦੇ ਦੱਖਣ-ਪੱਛਮ ਵਿੱਚ) ਦੇ ਨੇੜੇ ਸਥਿਤ ਸੀ। ਅਜਿਹਾ ਮੰਨਿਆ ਜਾਂਦਾ ਸੀ ਕਿ ਇਹ ਅਪੋਲੋ ਦੇ ਪੁੱਤਰ ਚੰਗਾਈਦਾਤਾ ਐਸਲੇਪਿਯਸ ਦਾ ਜਨਮ ਅਸਥਾਨ ਸੀ। ਇਹ ਇੱਕ ਮਹੱਤਵਪੂਰਣ ਐਸਲੇਪਿਯਨ ਸੀ, ਜਿਹੜਾ ਸਾਰੇ ਯੂਨਾਨੀ ਸੰਸਾਰ ਵਿੱਚ ਸਭ ਤੋਂ ਵਧ ਪ੍ਰਸਿੱਧ ਸੀ। 160 ਲੋਕਾਂ ਦੇ ਸੌਣ ਦੀ ਥਾਂ ਵਾਲੇ ਹਾਲ, *ਐਨਕੋਇਮੇਤੇਰਿਯਾ* ਵਿੱਚ ਰੋਗੀ ਇਸ ਉਮੀਦ ਨਾਲ ਸੌਂਦੇ ਸਨ ਕਿ ਉਨ੍ਹਾਂ ਦਾ ਦੇਵਤਾ ਉਨ੍ਹਾਂ ਉੱਤੇ ਸੁਫਨੇ ਰਾਹੀਂ ਪਰਗਟ ਕਰੇਗਾ ਕਿ ਤੰਦਰੁਸਤੀ ਦੁਬਾਰਾ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਕੀ ਕਰਨਾ ਪਵੇਗਾ। [12]ਸੁਏਟੋਨਿਯਸ *ਲਾਈਫ ਆਫ ਕਲੋਦਿਯੁਸ* 25.4. [13]ਐੱਫ. ਐੱਫ. ਬ੍ਰੂਸ, *ਪੌਲ: ਅਪੋਸਟਲ ਆਫ ਦ ਹਾਰਟ ਸੈੱਟ ਫ੍ਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲਿਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1977), 251. [14]ਸੁਏਟੋਨਿਯਸ *ਲਾਈਫ ਆਫ ਕਲੋਦਿਯੁਸ* 25.4. [15]ਡਿਓ ਖ੍ਰਿਸੋਸਟੋਮ *ਡਿਸਕੋਰਸਸ* 8.9. [16]ਸੀ. ਕੇ. ਬੈਰਟ, *ਏ ਕਮੈਂਟ੍ਰੀ ਆਨ ਦ ਫਰਸਟ ਏਪਿਸਟਲ ਟੂ ਦ ਕੁਰਿੰਥੀਅਨਜ਼,* ਹਾਰਪਰਸ ਨਿਊ ਟੈਸਟਾਮੈਂਟ ਕਮੈਂਟ੍ਰੀਜ਼ (ਸੈਨ ਫ੍ਰਾਂਸਿਸਕੋ: ਹਾਰਪਰ ਐਂਡ ਰੋਅ, 1968), v-vi.